# ਸਵੱਰ ਸਮੁੰਦ

## Swar Samund

ਪਰਮਜੋਤ ਸਿੰਘ
ਡੀਨ
ਸਵੱਰ ਸਮੁੰਦ ਕੀਰਤਨ ਅਕੈਡਮੀ

ਸੁਕ੍ਰਿਤ ਟਰੱਸਟ

Swar Samund
by

Paramjot Singh
(+91) 094171-16419

© ਕੋਈ ਪ੍ਰਕਾਸ਼ਨ ਅਧਿਕਾਰ ਨਹੀਂ। ਕੋਈ ਵੀ ਸੰਸਥਾ, ਵੀਰ/ਭੈਣ ਬਿਨਾਂ ਆਰਥਿਕ ਲਾਭ ਦੀ ਲਾਲਸਾ ਦੇ ਇਸ ਕਿਤਾਬ ਨੂੰ ਛਾਪ ਕੇ ਵੰਡ ਸਕਦੇ ਹਨ।

**ਪਹਿਲੀ ਵਾਰ :** ਮਾਰਚ 2009

**ਭੇਟਾ :** 30 ਰੁਪਏ

**ਪ੍ਰਕਾਸ਼ਕ :**
**ਸਵੱਰ ਸਮੁੰਦ ਕੀਰਤਨ ਅਕੈਡਮੀ**
ਦਾਖਾ ਕਾਲਜ ਰੋਡ, ਮੁੱਲਾਂਪੁਰ
ਲੁਧਿਆਣਾ (ਪੰਜਾਬ, ਭਾਰਤ)
ਫੋਨ : 0161-2878783
sukrittrust@gmail.com, www.sukrit.org

## ਤਤਕਰਾ

| | | |
|---|---|---|
| ੧. | ਦੋ ਸ਼ਬਦ | ੫ |
| ੨. | ਪੁਸਤਕ ਪਰੀਚੈ | ੬ |
| ੩. | ਉਦੇਸ਼ ਤੇ ਕਾਰਜ | ੭ |
| ੪. | ਦਾਖਲੇ ਦੇ ਨਿਯਮ | ੮ |
| ੫. | ਸਵੱਰ ਲਿਪੀਆਂ ਦੇ ਚਿੰਨ੍ਹ | ੯ |
| ੬. | ਅਲੰਕਾਰ | ੧੦ |
| ੭. | ੩੧ ਰਾਗਾਂ ਦਾ ਸੰਖੇਪ ਸਰੂਪ | ੧੧ |
| ੮. | ਪੱਤਰ ਵਿਹਾਰ ਕੋਰਸ ਦਾ ਵੇਰਵਾ | ੨੮ |
| ੯. | ਰਾਗੁ ਸ੍ਰੀ | ੩੦ |
| ੧੦. | ਰਾਗੁ ਮਾਝ | ੩੨ |
| ੧੧. | ਰਾਗੁ ਗਉੜੀ | ੩੪ |
| ੧੨. | ਰਾਗੁ ਆਸਾ | ੩੬ |
| ੧੩. | ਰਾਗੁ ਗੂਜਰੀ | ੩੮ |
| ੧੪. | ਰਾਗੁ ਦੇਵ ਗੰਧਾਰੀ | ੪੦ |
| ੧੫. | ਰਾਗੁ ਬਿਹਾਗੜਾ | ੪੨ |
| ੧੬. | ਰਾਗੁ ਵਡਹੰਸ | ੪੪ |
| ੧੭. | ਰਾਗੁ ਸੋਰਠਿ | ੪੬ |
| ੧੮. | ਰਾਗੁ ਧਨਾਸਰੀ | ੪੮ |
| ੧੯. | ਰਾਗੁ ਜੈਤਸਰੀ | ੫੦ |
| ੨੦. | ਰਾਗੁ ਟੋਡੀ | ੫੨ |
| ੨੧. | ਰਾਗੁ ਬੈਰਾੜੀ | ੫੪ |
| ੨੨. | ਰਾਗੁ ਤਿਲੰਗ | ੫੬ |
| ੨੩. | ਰਾਗੁ ਸੂਹੀ | ੫੮ |

੨੪. ਰਾਗੁ ਬਿਲਾਵਲ ੬੦
੨੫. ਰਾਗੁ ਗੋਂਡ ੬੨
੨੬. ਰਾਗੁ ਰਾਮਕਲੀ ੬੪
੨੭. ਰਾਗੁ ਨਟ ਨਾਰਾਇਨ ੬੬
੨੮. ਰਾਗੁ ਮਾਲੀ ਗਉੜਾ ੬੮
੨੯. ਰਾਗੁ ਮਾਰੂ ੭੦
੩੦. ਰਾਗੁ ਤੁਖਾਰੀ ੭੨
੩੧. ਰਾਗੁ ਕੇਦਾਰਾ ੭੪
੩੨. ਰਾਗੁ ਭੈਰਉ ੭੬
੩੩. ਰਾਗੁ ਬਸੰਤ ੭੮
੩੪. ਰਾਗੁ ਸਾਰੰਗ ੮੦
੩੫. ਰਾਗੁ ਮਲਾਰ ੮੨
੩੬. ਰਾਗੁ ਕਾਨੜਾ ੮੪
੩੭. ਰਾਗੁ ਕਲਿਆਣ ੮੬
੩੮. ਰਾਗੁ ਪ੍ਰਭਾਤੀ ੮੮
੩੯. ਰਾਗੁ ਜੈਜਾਵੰਤੀ ੯੦
੪੦. ਸਿਲੇਬਸ ੯੨
੪੧. ਪ੍ਰੀਖਿਆ ਫਾਰਮ ੧੦੩


## ਦੋ ਸ਼ਬਦ

ਕੀਰਤਨ ਨਿਰਮੋਲਕ ਹੀਰਾ ਹੈ। ਰੂਹ ਦੀ ਖੁਰਾਕ ਹੈ। ਜਿਸਨੂੰ ਕੀਰਤਨ ਰਾਹੀਂ ਸਿਫਤਿ ਸਾਲਾਹ ਦੀ ਬਖਸ਼ਿਸ਼ ਹਾਸਲ ਹੁੰਦੀ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ।

ਅੱਜ ਕੀਰਤਨ 'ਕਮਰਸ਼ੀਅਲ' ਰੂਪ ਅਖਤਿਆਰ ਕਰਦਾ ਜਾ ਰਿਹਾ ਹੈ। ਗੁਰੂ ਸਾਹਿਬ ਜੀ ਦੀ ਆਰੰਭੀ ਨਿਸ਼ਕਾਮ ਕੀਰਤਨ ਲਹਿਰ ਨੂੰ ਹੁਣ ਫਿਰ ਪ੍ਰਚੰਡ ਕਰਨ ਦੀ ਲੋੜ ਹੈ।

ਘਰ ਘਰ ਵਿੱਚ ਕੀਰਤਨ ਵਸੇ ਤੇ ਰਸੇ। ਹਰ ਕੋਈ ਆਪ ਕੀਰਤਨ ਕਰ ਸਕਦਾ ਹੋਵੇ, ਆਪ ਸਿਫਿਤ ਸਾਲਾਹ ਤੇ ਕੀਰਤੀ ਦੇ ਰਸ ਭੁੰਚੇ - ਅਜਿਹੀ ਤਾਂਘ ਸੀ **ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇ ਵਾਲਿਆਂ) ਦੀ।**

ਇਸ ਨੇਕ ਕਾਰਜ ਨੂੰ ਸੰਪੂਰਨ ਕਰਨ ਦੀ ਲੋਚਾ ਲੈ ਕੇ **'ਸੁਕ੍ਰਿਤ ਟਰੱਸਟ'** ਦੇ ਵੀਰ/ਭੈਣ ਸੇਵਾਰਤ ਹਨ। ਪ੍ਰੋ.ਪਰਮਜੋਤ ਸਿੰਘ ਕੌਮੀ ਨਿਧਾਨ ਹਨ। ਰੱਜੇ ਹੋਏ ਰਾਜੇ ਹਨ, ਸੁਰ ਤੇ ਤਾਲ ਦੇ ਅਨੂਪ ਗਿਆਨਦਾਤਾ ਹਨ...। ਹੋਰ, ਹੋਰ ਕੀ ਕੁਝ ਵੀ ਲਿਖ ਲਵਾਂ ਫਿਰ ਵੀ ਪਛਤਾਵਾ ਹੀ ਰਹੇਗਾ ਕਿ ਅਜਿਹੀ ਨਿਰਮਾਣ ਸ਼ਖਸੀਅਤ ਦੀ ਸੰਪੂਰਨ ਉਪਮਾ ਨਹੀਂ ਕਰ ਸਕਿਆ। ਨਿਮਰਤਾ ਦੀ ਮੂਰਤ ਪਰਮਜੋਤ ਸਿੰਘ ਜੀ ਕਹਿੰਦੇ ਹਨ "ਮੇਰੇ ਨਾਮ ਨਾਲ ਨਾ ਪ੍ਰੋਫੈਸਰ ਲਿਖੋ ਤੇ ਨ ਹੀ ਡੀਨ। ਮੈ ਤਾਂ ਨਿਮਾਣੇ ਜਿਹੇ ਗੁਰਸਿੱਖ ਵਾਂਗ ਗੁਰੂ ਘਰ ਦੀ ਸੇਵਾ ਕਰਨੀ ਚਾਹੁੰਦਾ ਹਾਂ"। ਬਲਿਹਾਰ! ਬਲਿਹਾਰ!! ਅਜਿਹੀ ਸੱਚੀ-ਸੁੱਚੀ ਭਾਵਨਾ ਦੇ। ਅੱਜ ਸਾਡੇ ਸਮਾਜ ਨੂੰ ਉਹਨਾਂ ਰੂਹਾਂ ਦੀ ਲੋੜ ਹੈ ਜੋ ਇਸ ਗੁਰ ਫੁਰਮਾਨ ਨੂੰ ਪੂਰਾ ਕਰਨ ਹਿੱਤ ਨਿੱਤਰ ਪੈਣ - **'ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥**

ਆਪ ਜੀ ਪੂਰਨ ਨਿਸ਼ਕਾਮ ਰੂਪ ਵਿਚ **'ਸਵੱਰ ਸਮੁੰਦ ਕੀਰਤਨ ਅਕੈਡਮੀ'** ਮੁੱਲਾਂਪੁਰ (ਲੁਧਿਆਣਾ) ਦੇ ਡੀਨ ਵਜੋਂ ਸੇਵਾਵਾਂ ਦੇ ਰਹੇ ਹਨ। ਸਾਡੀ ਅੰਤਰੀਵ ਤਾਂਘ ਹੈ ਕਿ ਆਪ ਜੀ ਦੀ ਅਗਵਾਈ ਵਿਚ ਮੁੱਲਾਂਪੁਰ ਵਿਖੇ ਕੀਰਤਨ ਸਿਖਲਾਈ ਦਾ ਵੱਡਾ ਕੇਂਦਰ ਸਥਾਪਿਤ ਕੀਤਾ ਜਾ ਸਕੇ। ਪ੍ਰੋ ਪਰਮਜੋਤ ਸਿੰਘ ਜੀ ਦੇ ਸੁਯੋਗ ਸੁਪਤਨੀ ਪ੍ਰੋ.ਪਰਮਜੀਤ ਕੌਰ ਜੀ ਦੀ ਘਾਲਣਾ ਇਸ ਪੁਸਤਕ ਦੇ ਪੰਨੇ ਪੰਨੇ ਤੇ ਵੇਖੀ ਜਾ ਸਕਦੀ ਹੈ। ਸਾਰੀ ਪੁਸਤਕ ਦੀ ਪਰੂਫ ਰੀਡਿੰਗ ਤੇ ਸੁਧਾਈ ਆਪ ਨੇ ਕੀਤੀ ਹੈ। ਜਿਥੇ ਦਾ ਪ੍ਰੈਕਟੀਕਲ ਪੱਖ ਪ੍ਰੋ.ਸਾਹਿਬ ਸਿਖਾਉਂਦੇ ਹਨ ਉਥੇ ਥਿਊਰੀ ਦੀ ਪੜ੍ਹਾਈ ਪ੍ਰੋ ਪਰਮਜੀਤ ਕੌਰ ਜੀ ਕਰਵਾਉਂਦੇ ਹਨ।

ਮੇਰੀ ਸਦਾ ਅੰਗ ਸੰਗੇ ਅਕਾਲਪੁਰਖ ਦੇ ਚਰਨਾਂ ਵਿਚ ਜੋਦੜੀ ਹੈ ਕਿ ਆਪ ਇਸ ਗੁਰਸਿੱਖ ਜੋੜੇ ਨੂੰ ਅਪਾਰ ਅਪਾਰ ਬਖਸ਼ਿਸ਼ਾਂ ਨਾਲ ਓਤਪੋਤ ਕਰ, ਨਿਮਖ-ਨਿਮਖ ਆਪਣਾ ਜਾਣ ਕੇ ਪ੍ਰਤਿਪਾਲਣਾ ਕਰਦੇ ਰਹੋ ਜੀ।

ਮੈਂ ਧੰਨਵਾਦੀ ਹਾਂ UK ਨਿਵਾਸੀ ਸ੍ਰ ਅਪਿੰਦਰ ਸਿੰਘ ਜੀ ਤੇ ਉਹਨਾਂ ਦੇ ਪਰਿਵਾਰ ਦਾ ਜੋ ਇਸ ਅਕੈਡਮੀ ਲਈ ਨਿਰੰਤਰ ਮਾਇਕ ਸਹਿਯੋਗ ਭੇਜ ਰਹੇ ਹਨ।

**ਜਸਵਿੰਦਰ ਸਿੰਘ ਖਾਲਸਾ**
ਸੁਕ੍ਰਿਤ ਟਰੱਸਟ

# ਪੁਸਤਕ ਪਰੀਚੈ

ਗੁਰਬਾਣੀ ਕੀਰਤਨ ਦੇ ਸਰਬ–ਵਿਆਪੀ ਪ੍ਰਚਾਰ ਤੇ ਪ੍ਰਸਾਰ ਲਈ ਦਾਸ ਪਿਛਲੇ ਕੁਝ ਸਾਲਾਂ ਤੋਂ ਯਤਨਸ਼ੀਲ ਰਿਹਾ ਹੈ। ਇਸ ਕਾਰਜ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਰਾਗਾਂ ਤੇ ਆਧਾਰਿਤ, ਅਤਿ–ਸੁਖੈਨ ਪੱਧਤੀ ਨੂੰ ਅਪਣਾਉਂਦਿਆਂ, ਸਵੱਰ-ਲਿਪੀ ਬੱਧ ਰੀਤਾਂ ਤਿਆਰ ਕੀਤੀਆਂ ਗਈਆਂ। ਇਨ੍ਹਾਂ ਰੀਤਾਂ ਦਾ ਸੰਗ੍ਰਹਿ ਸਹਿਜ ਧੁਨ ਤੇ ਸਵੱਰ ਸਮੁੰਦ ਨਾਮੀ ਪੁਸਤਕਾਂ ਰਾਹੀਂ ਪ੍ਰਕਾਸ਼ਿਤ ਕੀਤਾ ਗਿਆ। ਆਰੰਭਿਕ ਪੱਧਰ ਦੇ ਸਿਖਿਆਰਥੀਆਂ ਨੂੰ ਰਾਗਬੱਧ ਕੀਰਤਨ ਸਿਖਲਾਈ ਲਈ ਇਹ ਬੰਦਸ਼ਾਂ ਬਹੁਤ ਲਾਹੇਵੰਦ ਸਾਬਿਤ ਹੋਈਆਂ।

ਹੁਣ ਸਿਖਿਆਰਥੀਆਂ ਦੀ ਵੱਧਦੀ ਮੰਗ ਨੂੰ ਦੇਖਦਿਆਂ **'ਸੁਕ੍ਰਿਤ ਟਰੱਸਟ'** ਇਸ ਨੂੰ ਛਾਪਣ ਦੀ ਸੇਵਾ ਲੈ ਰਿਹਾ ਹੈ। ਇਸਦਾ ਨਿਰੋਲ ਮਨੋਰਥ ਪ੍ਰੇਰਣਾਮਈ ਹੈ ਤਾਂ ਜੋ ਸਿਖਿਆਰਥੀਆਂ ਨੂੰ ਇਸ ਰਾਹੀਂ ਲੋੜੀਂਦੀ ਜਾਣਕਾਰੀ ਹਾਸਿਲ ਹੋ ਸਕੇ।

ਮੈਂ ਇਹ ਬੰਦਸ਼ਾਂ ਆਪਣੇ ਸਤਿਕਾਰਯੋਗ **ਪਿਤਾ ਗਿਆਨੀ ਇੰਦਰ ਸਿੰਘ ਜੀ**, ਸਿਰਮੌਰ ਕੀਰਤਨੀਏ **ਭਾਈ ਸਮੁੰਦ ਸਿੰਘ ਜੀ** ਅਤੇ ਸੰਗੀਤ ਵਿਦਵਾਨ **ਮਾਸਟਰ ਦੇਸ ਰਾਜ ਜੀ** ਦੁਆਰਾ ਪ੍ਰਾਪਤ ਸੰਗੀਤ ਤੇ ਗੁਰਮਤਿ ਕੀਰਤਨ ਦੀ ਵਿਦਿਆ ਹਾਸਿਲ ਕਰਨ ਉਪਰੰਤ ਹੀ ਤਿਆਰ ਕਰ ਸਕਿਆ।

ਮੈਂ ਇਨ੍ਹਾਂ ਸਖਸ਼ੀਅਤਾਂ ਦਾ ਰਿਣੀ ਹਾਂ, ਜਿਨ੍ਹਾਂ ਮੈਨੂੰ ਸੇਵਾ ਕਰਨ ਦੇ ਯੋਗ ਬਣਾਇਆ। ਕੁਝ ਅਰਸੇ ਤੋਂ ਸੁਕ੍ਰਿਤ ਸੰਸਥਾਵਾਂ ਵਿੱਚ ਗੁਰਮਤਿ ਕੀਰਤਨ ਦੀ ਸਿਖਲਾਈ ਲਈ ਇਹ ਪ੍ਰਾਰੰਭਿਕ ਪੁਸਤਕ ਅਤਿ ਲੋੜੀਂਦੀ ਹੋਣ ਕਰਕੇ ਸਿਖਿਆਰਥੀਆਂ ਦੀ ਭੇਟਾ ਕੀਤੀ ਜਾ ਰਹੀ ਹੈ। ਆਸ ਕਰਦਾਂ ਹਾਂ ਕਿ ਅਕਾਲ ਪੁਰਖ ਦੀ ਮਿਹਰ ਸਦਕਾ ਇਸ ਤੋਂ ਲਾਭ ਪ੍ਰਾਪਤ ਕੀਤਾ ਜਾਵੇਗਾ।

ਇਸ ਪੁਸਤਕ ਵਿੱਚ ਦਿੱਤੇ ਸ਼ਬਦਾਂ ਦੇ ਭਾਵ-ਅਰਥ ਪ੍ਰਿੰ: ਸਾਹਿਬ ਸਿੰਘ ਜੀ ਦੀ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਆਧਾਰ ਤੇ ਅੰਕਿਤ ਕੀਤੇ ਗਏ ਹਨ। ਇਸ ਕਾਰਜ ਵਿੱਚ ਸ. ਜਗਤਾਰ ਸਿੰਘ, ਮੈਂਬਰ ਸੁਕ੍ਰਿਤ ਟਰੱਸਟ ਨੇ ਬੜੀ ਪ੍ਰੇਮ ਸਹਿਤ ਸੇਵਾ ਕੀਤੀ ਹੈ। ਪੁਸਤਕ ਨੂੰ ਨਵੇਂ ਸਿਰਿਉਂ ਵਿਉਂਤਣ ਵਿੱਚ ਸੁਕ੍ਰਿਤ ਟਰੱਸਟ ਦੇ ਚੇਅਰਮੈਨ ਸ. ਜਸਵਿੰਦਰ ਸਿੰਘ ਜੀ ਖਾਲਸਾ (ਯੂ.ਕੇ.) ਦੀ ਪ੍ਰੇਰਣਾ ਤੇ ਅਸੀਸ ਸ਼ਾਮਲ ਹੈ।

**ਪਰਮਜੋਤ ਸਿੰਘ**
× ਰਿਟਾਇਰਡ ਆਫੀਸਰ ਇੰਚਾਰਜ
ਪੰਜਾਬ ਐਂਡ ਸਿੰਧ ਬੈਂਕ
× ਡਿਵੋਸ਼ਨਲ ਮਿਊਜ਼ਿਕ ਆਰਕਾਈਵਜ਼, ਜਲੰਧਰ
× ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ, ਲੁਧਿਆਣਾ।
× ਸਵੱਰ-ਸਮੁੰਦ ਕੀਰਤਨ ਅਕੈਡਮੀ, ਮੁੱਲਾਂਪੁਰ, ਲੁਧਿਆਣਾ – 0161-2878783



# ਉਦੇਸ਼ ਤੇ ਕਾਰਜ

* ਕਿਰਤ ਤੋਂ ਕੀਰਤੀ ਅਤੇ ਫਿਰ ਕਰਤੇ ਤੱਕ ਪਹੁੰਚਣ ਦੇ ਸਫਰ ਵੱਲ ਚੇਟਕ ਲਾਉਣੀ।
* ਗੁਰੂ ਦੀਆਂ ਅਪਾਰ ਖੁਸ਼ੀਆਂ ਹਾਸਿਲ ਕਰਨ ਲਈ ਨਿਸ਼ਕਾਮ ਰੂਪ ਵਿੱਚ ਹੀ ਕੀਰਤਨ ਕਰਨ ਦੀ ਪ੍ਰੇਰਣਾ ਪੈਦਾ ਕਰਨੀ।
* ਭੈ-ਭਾਵਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰਾਗਾਂ ਦੇ ਆਧਾਰ ਤੇ ਸ਼ਬਦ ਗਾਇਣ ਕਰਨ ਦੀ ਤਾਂਘ ਤੀਬਰ ਕਰਨੀ।
* "ਰਹਾਉ" ਦੇ ਫੁਰਮਾਨ ਨੂੰ ਹੀ ਆਧਾਰ ਮੰਨ ਕੇ ਸ਼ਬਦ ਗਾਇਣ ਕਰਨ ਦੀ ਪ੍ਰੇਰਣਾ ਦੇਣੀ।
* ਸ੍ਰੀ ਹਰਿਮੰਦਰ ਸਾਹਿਬ ਵਿਚਲੀ ਸ਼ਬਦ ਚਉਕੀ ਪ੍ਰੰਪਰਾ ਨੂੰ ਉਜਾਗਰ ਕਰਨਾ।
* ਰਾਗ ਦਾ ਸਰੂਪ ਉਘਾੜਨ ਲਈ ਆਲਾਪ ਤੇ ਤਾਨਾਂ ਦਾ ਪ੍ਰਯੋਗ ਕਰਨ ਦੀ ਜਾਚ ਸਿਖਾਉਣੀ।
* ਰਾਗਾਂ ਨੂੰ ਸਰਗਮਾਂ ਦੇ ਆਧਾਰ ਤੇ ਸਿਖਾਉਣ ਦਾ ਉਪਰਾਲਾ ਕਰਨਾ, ਪਰ ਕੀਰਤਨ ਸਮੇਂ ਸਰਗਮਾਂ ਦਾ ਪ੍ਰਯੋਗ ਸੰਕੋਚਣਾ।
* ਤੰਤੀ ਸਾਜਾਂ- ਰਬਾਬ, ਦਿਲਰੁਬਾ, ਤਾਨਪੁਰਾ ਤੇ ਸਿਰੰਦਾ ਵਜਾਉਣ ਵੱਲ ਪ੍ਰੇਰਿਤ ਕਰਨਾ।
* ਪੁਰਾਤਨ ਮਰਿਯਾਦਾ ਬੱਧ, ਰਾਗ ਬੱਧ ਕੀਰਤਨ ਸ਼ੈਲੀ ਤੋਂ ਜਾਣੂ ਕਰਵਾਉਣਾ।
* ਕੀਰਤਨ ਨੂੰ ਫਿਲਮੀ ਤਰਜਾਂ ਤੇ ਕਰਨ ਵਲੋਂ ਵਰਜਣਾ ਤੇ ਉਨ੍ਹਾਂ ਵਿੱਚ ਬਾਣੀ ਅਦਬ ਭੈ ਪੈਦਾ ਕਰਨਾ।
* ਗੁਰੂ ਕ੍ਰਿਪਾ ਨਾਲ ਸੁਹਿਰਦ ਸ਼ੁਭਚਿੰਤਕਾਂ, ਅਧਿਆਪਕਾਂ ਤੇ ਸਿਖਿਆਰਥੀਆਂ ਰਾਹੀਂ ਉਪਰੋਕਤ ਉਦੇਸ਼ ਪੂਰਨ ਕਰਨ ਦੇ ਉਪਰਾਲੇ ਕਰਨੇ ਹੋਣਗੇ।

# ਦਾਖਲੇ ਦੇ ਨਿਯਮ

* ਸਵੱਰ ਸਮੁੰਦ ਡਿਗਰੀ ਕੋਰਸ ਵਿੱਚ ਦਾਖਲਾ ਲੈਣ ਸਮੇਂ ਵਿਦਿਅਕ ਯੋਗਤਾ ਘੱਟੋ-ਘੱਟ 10+2 ਸ਼੍ਰੇਣੀ (ਘੱਟੋ-ਘੱਟ 40 %) ਨਾਲ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ।

* ਦਾਖਲੇ ਲਈ ਬਿਨੈ ਪੱਤਰ ਨਿਸ਼ਚਿਤ ਫਾਰਮ ਤੇ ਦੇਣਾ ਹੋਵੇਗਾ ਜੋ ਕਿ ਪ੍ਰਾਸਪੈਕਟ ਨਾਲ ਨੱਥੀ ਹੈ।

* ਬਿਨੈ ਪੱਤਰ ਨਾਲ ਵਿਦਿਅਕ ਯੋਗਤਾ ਦੇ ਪ੍ਰਮਾਣ ਪੱਤਰ ਤੇ ਸੰਗੀਤ ਦੇ ਪਹਿਲਾਂ ਕੀਤੇ ਕੋਰਸਾਂ ਦੀਆਂ ਤਸਦੀਕ ਸ਼ੁਦਾ ਫੋਟੋ ਕਾਪੀਆਂ ਲਾਈਆਂ ਜਾਣ।

* ਦਾਖਲਾ ਫਾਰਮ ਨਿਯਤ ਮਿਤੀ ਤੱਕ ਜਰੂਰ ਜਮ੍ਹਾਂ ਕਰਵਾਇਆਂ ਜਾਵੇ। ਵਿਦਿਆਰਥੀਆਂ ਨੇ 10 ਦਿਨਾਂ ਦਾ ਨਿੱਜੀ ਸੰਪਰਕ ਪ੍ਰੋਗਰਾਮ ਕੇਂਦਰੀ ਸੰਸਥਾ ਵਿੱਚ ਜਰੂਰ ਲਗਾਉਣਾ ਹੋਵੇਗਾ।

* ਰਿਹਾਇਸ਼ ਤੇ ਲੰਗਰ- ਨਿੱਜੀ ਸੰਪਰਕ ਪ੍ਰੋਗਰਾਮ (PCP) ਅਧੀਨ ਵਿਦਿਆਰਥੀਆਂ ਲਈ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਹੋਵੇਗਾ।

* ਲਾਇਬ੍ਰੇਰੀ ਸਹੂਲਤਾਂ- ਕੋਰਸ ਦੀਆਂ ਸਹਾਇਕ ਪੁਸਤਕਾਂ ਤੇ ਸ੍ਰੋਤ ਪੁਸਤਕਾਂ ਵੀ ਉਪਲੱਬਧ ਕਰਵਾਈਆਂ ਜਾਣਗੀਆਂ। ਦੁਰਲੱਭ ਪੁਸਤਕਾਂ ਦੀ ਸਮੱਗਰੀ ਦੀ ਫੋਟੋ ਸਟੇਟ ਕਰਵਾਉਣ ਦੀ ਸਹੂਲਤ ਸੰਸਥਾ ਵੱਲੋਂ ਪ੍ਰਦਾਨ ਕੀਤੀ ਜਾਵੇਗੀ।

* ਪ੍ਰਮਾਣ ਪੱਤਰ ( ਸਰਟੀਫਿਕੇਟ)- ਹਰ ਕੋਰਸ ਦੇ ਵੱਖਰੇ ਪ੍ਰਮਾਣ ਪੱਤਰ ਦਿੱਤੇ ਜਾਣਗੇ ਇਸ ਦੇ ਨਾਲ ਪ੍ਰਰੰਭਿਕਾ, ਮਧਿਅਮਾ ਤੇ ਸੰਪੂਰਨਤਾ ਦੇ ਪ੍ਰਮਾਣ ਪੱਤਰ ਵੀ ਵਿਦਿਆਰਥੀ ਹਾਸਿਲ ਕਰ ਸਕਣਗੇ।



# ਸਵੱਰ ਲਿਪੀਆਂ ਦੇ ਚਿੰਨ੍ਹ

| ਸਵੱਰ | ਨਿਸ਼ਾਨ | ਉਦਾਹਰਣ |
|---|---|---|
| ਸ਼ੁੱਧ ਸਵੱਰ | ਕੋਈ ਨਿਸ਼ਾਨ ਨਹੀਂ | ਸ, ਰ, ਗ, ਮ |
| ਕੋਮਲ ਸਵੱਰ | ਸਵੱਰ ਦੇ ਹੇਠਾਂ _ ਲਾਈਨ | ਰੁ, ਗੁ, ਧੁ, ਨੁ |
| ਤੀਬਰ ਸਵੱਰ | ਸਵੱਰ ਦੇ ਉਪਰ ਲਕੀਰ ' | ਮ' |
| **ਸਪਤਕ ਨਿਸ਼ਾਨ** | | |
| ਮੰਦਰ ਸਪਤਕ | ਸਵੱਰ ਦੇ ਹੇਠਾਂ ਬਿੰਦੀ | .ਨ, .ਧ, .ਪ, .ਮ |
| ਮੱਧ ਸਪਤਕ | ਕੋਈ ਨਿਸ਼ਾਨ ਨਹੀਂ | ਸ, ਰ, ਗ, ਮ |
| ਤਾਰ ਸਪਤਕ | ਸਵੱਰ ਦੇ ਉਪਰ ਬਿੰਦੀ | ਸਂ, ਰਂ, ਗਂ, ਮਂ |
| **ਮਾਤਰਾ ਨਿਸ਼ਾਨ** | | |
| ਇੱਕ ਮਾਤਰਾ | ਕੋਈ ਨਿਸ਼ਾਨ ਨਹੀਂ | ਰ, ਗ, ਮ, ਪ |
| ਅੱਧੀ ਮਾਤਰਾ | ਇੱਕ ਮਾਤਰਾ ਵਿੱਚ ਦੋ ਸਵੱਰ | ਰਗ, ਮਪ |
| ਇੱਕ ਚੌਥਾਈ ਮਾਤਰਾ | ਇੱਕ ਮਾਤਰਾ ਵਿੱਚ ਚਾਰ ਸਵੱਰ | ਰਗਮਪ |
| ਦੋ ਮਾਤਰਾ | ਸਵੱਰ ਦੇ ਅੱਗੇ | ਸ - |
| ਤਿੰਨ ਮਾਤਰਾ | ਸਵੱਰ ਦੇ ਅੱਗੇ 2 - | ਸ - - |
| ਚਾਰ ਮਾਤਰਾ | ਸਵੱਰ ਦੇ ਅੱਗੇ 3 - | ਸ - - - |
| ਉਚਾਰਨ | S | ਸS, ਰS |
| ਸਮ (ਪਹਿਲੀ ਮਾਤਰਾ) | ਸਵੱਰ ਦੇ ਥੱਲੇ x (ਕਰਾਸ) | ਸ<br>X |
| ਖਾਲੀ (ਨੌਵੀਂ ਮਾਤਰਾ) | ਸਵੱਰ ਦੇ ਥੱਲੇ 0 (ਜ਼ੀਰੋ) | ਸ<br>0 |
| ਤਾਲੀ (ਭਰੀ ਮਾਤਰਾ) | ਸਵੱਰ ਦੇ ਥੱਲੇ ਨੰਬਰ | ਰ, ਗ<br>2, 3 |

## ਅਲੰਕਾਰ

੧. **ਅਰੋਹ :** ਸ, ਰ, ਗ, ਮ, ਪ, ਧ, ਨ, ਸਂ
**ਅਵਰੋਹ :** ਸਂ, ਨ, ਧ, ਪ, ਮ, ਗ, ਰ, ਸ

੨. **ਅਰੋਹ :** ਸ ਸ, ਰ ਰ, ਗ ਗ, ਮ ਮ, ਪ ਪ, ਧ ਧ, ਨ ਨ, ਸਂ ਸਂ
**ਅਵਰੋਹ :** ਸਂ ਸਂ, ਨ ਨ, ਧ ਧ, ਪ ਪ, ਮ ਮ, ਗ ਗ, ਰ ਰ, ਸ ਸ

੩. **ਅਰੋਹ :** ਸ ਰ ਗ, ਰ ਗ ਮ , ਗ ਮ ਪ, ਮ ਪ ਧ, ਪ ਧ ਨ, ਧ ਨ ਸਂ
**ਅਵਰੋਹ :** ਸਂ ਨ ਧ, ਨ ਧ ਪ, ਧ ਪ ਮ, ਪ ਮ ਗ, ਮ ਗ ਰ, ਗ ਰ ਸ

੪. **ਅਰੋਹ :** ਸ ਰ ਸ ਰ ਗ, ਰ ਗ ਰ ਗ ਮ, ਗ ਮ ਗ ਮ ਪ, ਮ ਪ ਮ ਪ ਧ, ਪ ਧ ਪ ਧ ਨ, ਧ ਨ ਧ ਨ ਸਂ
**ਅਵਰੋਹ :** ਸਂ ਨ ਸਂ ਨ ਧ, ਨ ਧ ਨ ਧ ਪ, ਧ ਪ ਧ ਪ ਮ, ਪ ਮ ਪ ਮ ਗ, ਮ ਗ ਮ ਗ ਰ, ਗ ਰ ਗ ਰ ਸ

੫. **ਅਰੋਹ :** ਸ ਗ, ਰ ਮ, ਗ ਪ, ਮ ਧ, ਪ ਨ, ਧ ਸਂ
**ਅਵਰੋਹ :** ਸਂ ਧ, ਨ ਪ, ਧ ਮ, ਪ ਗ, ਮ ਰ, ਗ ਸ

੬. **ਅਰੋਹ :** ਸ ਰ ਗ ਸ, ਰ ਗ ਮ ਰ, ਗ ਮ ਪ ਗ, ਮ ਪ ਧ ਮ, ਪ ਧ ਨ ਪ, ਧ ਨ ਸਂ ਧ, ਨ ਸਂ ਰਂ ਨ, ਸਂ ਰਂ ਗਂ ਸਂ
**ਅਵਰੋਹ :** ਸਂ ਗਂ ਰਂ ਸਂ, ਨ ਰਂ ਸਂ ਨ, ਧ ਸਂ ਨ ਧ, ਪ ਨ ਧ ਪ, ਮ ਧ ਪ ਮ, ਗ ਪ ਮ ਗ, ਰ ਮ ਗ ਰ, ਸ ਗ ਰ ਸ

੭. **ਅਰੋਹ :** ਸ ਰ ਸ ਗ, ਰ ਗ ਰ ਮ, ਗ ਮ ਗ ਪ, ਮ ਪ ਮ ਧ, ਪ ਧ ਪ ਨ, ਧ ਨ ਧ ਸਂ
**ਅਵਰੋਹ :** ਸਂ ਨ ਸਂ ਧ, ਨ ਧ ਨ ਪ, ਧ ਪ ਧ ਮ, ਪ ਮ ਪ ਗ, ਮ ਗ ਮ ਰ, ਗ ਰ ਗ ਸ



# ਸਵੱਰ ਸਮੁੰਦ

*Swar Samund*

## ੩੧ ਰਾਗਾਂ ਦਾ

ਸੰਖੇਪ ਸਰੂਪ

## ੧. ਰਾਗੁ ਸ੍ਰੀ

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੩)

**੧. ਸੁਰ** : ਰੁ,ਧੁ ਕੋਮਲ, ਮ' ਤੀਬਰ, ਬਾਕੀ ਸ਼ੁੱਧ
**੨. ਥਾਟ** : ਪੂਰਬੀ
**੩. ਵਰਜਿਤ ਸੁਰ** : ਅਰੋਹ ਵਿੱਚ ਗ ਅਤੇ ਧ ਵਰਜਿਤ
**੪. ਜਾਤੀ** : ਔੜਵ – ਸੰਪੂਰਣ
**੫. ਸਮਾਂ** : ਸ਼ਾਮ ਦਾ ਸੰਧਿਆ ਕਾਲ
**੬. ਵਾਦੀ** : ਰ
**ਸੰਵਾਦੀ** : ਪ
**੭. ਅਰੋਹ** : ਸ ਰੁ ਮ' ਪ ਧੁ ਪ ਮ' ਪ ਨੀ ਸਂ
**ਅਵਰੋਹ** : ਸਂ ਰੁਂ ਨੀ ਧੁ ਪ ਧੁ ਮ' ਰੁ ਗ ਰੁ ਸ
**੮. ਮੁੱਖ ਅੰਗ** : ਸ ਰੁ ਰੁ ਪ, ਪ ਮ', ਧੁ ਪ ਮ' ਗ ਰੁ, ਰੁ ਰੁ ਸ
**੯. ਸੰਖੇਪ ਸੁਰ ਵਿਸਤਾਰ :** ਰੁ ਮ' ਪ ਨੀ ਸਂ ਰੁਂ ਰੁਂ ਸਂ ਰੁਂ ਨੀ ਧੁ ਮ' ਪ, ਪ ਰੁ ਗ ਰੁ ਸ

## ੨. ਰਾਗੁ ਮਾਝ

**੧. ਸੁਰ** : ਗ, ਨ ਦੋਨੋਂ ਕੋਮਲ ਅਤੇ ਸ਼ੁੱਧ (ਗ, ਗੁ, ਨੀ, ਨੁੀ)
**੨. ਥਾਟ** : ਖਮਾਜ
**੩. ਵਰਜਿਤ ਸੁਰ** : ਅਰੋਹ ਵਿੱਚ ਗ ਅਤੇ ਧ
**੪. ਜਾਤੀ** : ਔੜਵ – ਸੰਪੂਰਣ
**੫. ਸਮਾਂ** : ਦਿਨ ਦਾ ਚੌਥਾ ਪਹਿਰ
**੬. ਵਾਦੀ** : ਰ
**ਸੰਵਾਦੀ** : ਪ
**੭. ਅਰੋਹ** : ਸ ਰ ਮ ਪ ਨੀ ਸਂ
**ਅਵਰੋਹ** : ਸਂ ਨੁ ਧ ਪ ਧ ਮ ਗ ਮ ਰ ਪ ਗੁ ਰ ਗੁ ਸ ਰ .ਨ ਸ
**੮. ਮੁੱਖ ਅੰਗ** : ਪ ਧ ਮ ਗ ਮ ਰ ਪ ਗੁ ਰ ਗੁ ਸ ਰ .ਨ ਸ
**੯. ਸੰਖੇਪ ਸੁਰ ਵਿਸਤਾਰ :** ਰ ਮ ਪ ਨੁ ਧ ਪ ਧਮ ਗ ਮ ਰ ਮ ਗੁ ਰ ਗੁ,
ਸ ਰ .ਨ ਸ



## ੩. ਰਾਗੁ ਗਉੜੀ

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੧੧ )

**੧. ਸੁਰ** : ਰੁ, ਧੁ ਕੋਮਲ
**੨. ਥਾਟ** : ਭੈਰਵ
**੩. ਵਰਜਿਤ ਸੁਰ** : ਅਰੋਹ ਵਿੱਚ ਗ ਅਤੇ ਧ ਵਰਜਿਤ
**੪. ਜਾਤੀ** : ਔੜਵ – ਸੰਪੂਰਣ
**੫. ਸਮਾਂ** : ਸ਼ਾਮ ਦਾ ਸੰਧਿਆ ਕਾਲ
**੬. ਵਾਦੀ** : ਰ
**ਸੰਵਾਦੀ** : ਪ
**੭. ਅਰੋਹ** : ਸ ਰੁ ਮ ਪ ਨੀ ਸਂ
**ਅਵਰੋਹ** : ਸਂ ਨ ਧੁ ਪ ਧੁ ਪ ਮ ਗ, ਗ ਰੁ .ਨ ਸ
**੮. ਮੁੱਖ ਅੰਗ** : ਮ ਧੁ ਪ ਮ ਗ ਰੁ ਗ ਮ ਗ ਰੁ ਸ ਰੁ .ਨ ਸ
**੯. ਸੰਖੇਪ ਸੁਰ ਵਿਸਤਾਰ :** .ਨ ਸ ਗ ਮ ਗ ਰੁ ਸ ਮ ਗ ਰੁ ਧੁ ਧੁ ਪ ਮ ਗ ਰੁ ਗ ਰੁ ਸ .ਨ ਸ
**੧੦. ਸਮ ਪ੍ਰਾਕ੍ਰਿਤਕ ਰਾਗ** : ਕਾਲਿੰਗੜਾ

## ੪. ਰਾਗੁ ਆਸਾ

**੧. ਸੁਰ** : ਸਾਰੇ ਸ਼ੁੱਧ ਸੁਰ
**੨. ਥਾਟ** : ਬਿਲਾਵਲ
**੩. ਵਰਜਿਤ ਸੁਰ** : ਅਰੋਹ ਵਿੱਚ ਗ ਅਤੇ ਨ ਵਰਜਿਤ
**੪. ਜਾਤੀ** : ਔੜਵ – ਸੰਪੂਰਣ
**੫. ਸਮਾਂ** : ਸਵੇਰ ਦਾ
**੬. ਵਾਦੀ** : ਮ
**ਸੰਵਾਦੀ** : ਸ
**੭. ਅਰੋਹ** : ਸ ਰ ਮ ਪ ਧ ਸਂ
**ਅਵਰੋਹ** : ਸਂ ਨ ਧ ਪ ਮ ਗ ਰ ਸ
**੮. ਮੁੱਖ ਅੰਗ** : ਰ ਮ ਪ ਧ ਸਂ ਰਂ ਸਂ ਨ ਧ ਪ ਪ ਧ ਪ ਮ ਗ ਰ ਸ
**੯. ਸੰਖੇਪ ਸੁਰ ਵਿਸਤਾਰ :** ਰ ਮ ਪ ਧ ਸਂ ਸਂ ਰਂਸਂ ਨਧ ਪਧ ਪਮ ਗਰ ਸਰ
ਸ ਰ ਸ

## ੫. ਰਾਗੁ ਗੂਜਰੀ

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੧੬)

**੧. ਸੁਰ** : ਰੁ, ਗੁ, ਧੁ ਕੋਮਲ ਮ॑ ਤੀਬਰ
**੨. ਥਾਟ** : ਤੋੜੀ
**੩. ਵਰਜਿਤ ਸੁਰ** : ਪ
**੪. ਜਾਤੀ** : ਛਾੜਵ - ਛਾੜਵ
**੫. ਸਮਾਂ** : ਦਿਨ ਦਾ ਦੂਜਾ ਪਹਿਰ
**੬. ਵਾਦੀ** : ਧੁ
**ਸੰਵਾਦੀ** : ਰੁ
**੭. ਅਰੋਹ** : ਸ ਰੁ ਗੁ ਮ॑ ਧੁ ਨ ਸਂ
**ਅਵਰੋਹ** : ਸਂ ਨ ਧੁ ਮ॑ ਧੁ ਮ॑ ਗੁ ਰੁ ਗੁ ਰੁ ਸ
**੮. ਮੁੱਖ ਅੰਗ** : .ਨ ਸ ਰੁ ਗੁ - ਮ॑ ਧੁ ਮ॑ ਗੁ, ਧੁ ਮ॑ ਗੁ ਰੁ ਗੁ ਰੁ ਸ
**੯. ਸੰਖੇਪ ਸੁਰ ਵਿਸਤਾਰ** : ਰੁ ਗੁ ਮ॑ ਗੁ ਮ॑ ਧੁ ਨ ਧੁ ਮ॑ ਧੁ ਨ ਸਂ ਨ ਧੁ ਮ॑ ਗੁ
ਰੁ ਮ॑ ਗੁ ਰੁ ਸ

## ੬. ਰਾਗੁ ਦੇਵ ਗੰਧਾਰੀ

**੧. ਸੁਰ** : ਦੋਵੇਂ ਧ, ਦੋਵੇਂ ਨ
**੨. ਥਾਟ** : ਬਿਲਾਵਲ (ਆਸਾਵਰੀ ਅੰਗ)
**੩. ਵਰਜਿਤ ਸੁਰ** : ਅਰੋਹ ਵਿੱਚ ਗ ਅਤੇ ਨ ਵਰਜਿਤ
**੪. ਜਾਤੀ** : ਔੜਵ-ਸੰਪੂਰਣ
**੫. ਸਮਾਂ** : ਦਿਨ ਦਾ ਦੂਜਾ ਪਹਿਰ
**੬. ਵਾਦੀ** : ਮ
**ਸੰਵਾਦੀ** : ਸ
**੭. ਅਰੋਹ** : ਸ ਰ ਮ ਪ ਧ ਸਂ
**ਅਵਰੋਹ** : ਸਂ ਨ ਧ ਪ ਧੁ ਨੁ ਧੁ ਪ ਮ ਗ ਰ ਸ
**੮. ਮੁੱਖ ਅੰਗ** : ਮ ਪ ਧੁ ਪ ਮ ਗ ਸ ਰ ਮ
**੯. ਸੰਖੇਪ ਸੁਰ ਵਿਸਤਾਰ** : ਮ ਪ ਧ ਸਂ ਨ ਧ ਪ ਧੁ ਨੁ ਧੁ ਪ ਮ ਗ ਸ ਰ
ਮ - ਗ ਰ ਸ



## ੭. ਰਾਗੁ ਬਿਹਾਗੜਾ

**੧. ਸੁਰ** : ਨੁ ਕੋਮਲ
**੨. ਥਾਟ** : ਬਿਲਾਵਲ
**੩. ਵਰਜਿਤ ਸੁਰ** : ਅਰੋਹ ਵਿੱਚ ਰ, ਧ
**੪. ਜਾਤੀ** : ਔੜਵ-ਸੰਪੂਰਣ
**੫. ਸਮਾਂ** : ਰਾਤ ਦਾ ਦੂਜਾ ਪਹਿਰ
**੬. ਵਾਦੀ** : ਮ
**ਸੰਵਾਦੀ** : ਸ
**੭. ਅਰੋਹ** : ਸ .ਨ ਸ ਗ ਮ ਪ ਨ ਸਂ
**ਅਵਰੋਹ** : ਸਂ ਨ ਧ ਪ ਨੁ ਧ ਪ ਗ ਮ ਗ ਰ ਸ
**੮. ਮੁੱਖ ਅੰਗ** : ਗ ਮ ਪ ਨ ਸਂ
**੯. ਸੰਖੇਪ ਸੁਰ ਵਿਸਤਾਰ** : ਨ ਧ ਪ ਨੁ ਧ ਪ ਗ ਮ ਗ ਰ ਸ

## ੮. ਰਾਗੁ ਵਡਹੰਸ

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੮੫)

**੧. ਸੁਰ** : ਦੋਵੇਂ ਨ
**੨. ਥਾਟ** : ਖਮਾਜ
**੩. ਵਰਜਿਤ ਸੁਰ** : ਅਰੋਹ ਵਿੱਚ ਗ
**੪. ਜਾਤੀ** : ਛਾੜਵ-ਸੰਪੂਰਣ
**੫. ਸਮਾਂ** : ਦੁਪਹਿਰ ਦਾ
**੬. ਵਾਦੀ** : ਪ
**ਸੰਵਾਦੀ** : ਰ
**੭. ਅਰੋਹ** : ਸ ਰ ਮ ਪ ਧ ਨੁ ਪ ਨ ਸਂ
**ਅਵਰੋਹ** : ਸਂ ਨੁ ਪ ਧ ਮ ਗ ਰ ਸ .ਨ ਸ
**੮. ਮੁੱਖ ਅੰਗ** : ਮ ਪ ਨੁ ਪ ਧ ਮ ਗ ਰ ਸ .ਨ .ਪ .ਨ ਸ
**੯. ਸੰਖੇਪ ਸੁਰ ਵਿਸਤਾਰ** : ਰ ਮ ਗ ਰ ਸ .ਨ .ਪ .ਨ ਸ ਰ - ਪ
ਮ ਗ ਰ ਸ ਰ .ਨ ਸ

## ੯. ਰਾਗੁ ਸੋਰਠਿ

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੨੫)

**੧. ਸੁਰ** : ਦੋਵੇਂ ਨ
**੨. ਥਾਟ** : ਖਮਾਜ
**੩. ਵਰਜਿਤ ਸੁਰ** : ਅਰੋਹ ਵਿੱਚ ਗ, ਧ
**੪. ਜਾਤੀ** : ਔੜਵ-ਸੰਪੂਰਣ
**੫. ਸਮਾਂ** : ਰਾਤ ਦਾ ਤੀਸਰਾ ਪਹਿਰ
**੬. ਵਾਦੀ** : ਰ
**ਸੰਵਾਦੀ** : ਧ
**੭. ਅਰੋਹ** : ਸ ਰ ਮ ਪ ਨ ਸਂ
**ਅਵਰੋਹ** : ਸਂ ਰਂ ਨੁ ਧ ਮ ਪ ਧ ਮ ਗ ਰ .ਨ ਸ
**੮. ਮੁੱਖ ਅੰਗ** : ਮ ਗ ਰ .ਨ ਸ
**੯. ਸੰਖੇਪ ਸੁਰ ਵਿਸਤਾਰ** : ਸ ਰ ਮ ਪ ਨ ਸਂ ਰਂ ਨੁ ਧ ਪ ਧ ਮ ਰ ਰਪ
ਮਗ ਰ ਸ

## ੧੦. ਰਾਗੁ ਧਨਾਸਰੀ

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੧੯ )

**੧. ਸੁਰ** : ਗੁ, ਨੁ ਕੋਮਲ
**੨. ਥਾਟ** : ਕਾਫੀ
**੩. ਵਰਜਿਤ ਸੁਰ**: ਅਰੋਹ ਵਿੱਚ ਰ, ਧ
**੪. ਜਾਤੀ** : ਔੜਵ-ਸੰਪੂਰਣ
**੫. ਸਮਾਂ** : ਦਿਨ ਦਾ ਤੀਸਰਾ ਪਹਿਰ
**੬. ਵਾਦੀ** : ਪ
**ਸੰਵਾਦੀ** : ਸ
**੭. ਅਰੋਹ** : .ਨੁ ਸ ਗੁ ਮ ਪ ਨੁ ਸਂ
**ਅਵਰੋਹ** : ਸਂ ਨੁ ਧ ਪ ਮ ਪ ਗੁ ਮ ਗੁ ਰ ਸ
**੮. ਮੁੱਖ ਅੰਗ** : ਪ ਮ ਪ ਗੁ ਮ ਪ ਨੁ ਧ ਪ ਗੁ ਮ ਗੁ ਰ ਸ



## ੧੧. ਰਾਗੁ ਜੈਤਸਰੀ

**੧. ਸੁਰ** : ਰੁ, ਧੁ ਕੋਮਲ ਮ॑ ਤੀਬਰ
**੨. ਥਾਟ** : ਪੂਰਬੀ
**੩. ਵਰਜਿਤ ਸੁਰ** : ਅਰੋਹ ਵਿੱਚ ਰ, ਧ
**੪. ਜਾਤੀ** : ਔੜਵ-ਸੰਪੂਰਣ
**੫. ਸਮਾਂ** : ਦਿਨ ਦਾ ਚੌਥਾ ਪਹਿਰ
**੬. ਵਾਦੀ** : ਗ
**ਸੰਵਾਦੀ** : ਨ
**੭. ਅਰੋਹ** : ਸ ਗ ਮ॑ ਪ ਨ ਸਂ
**ਅਵਰੋਹ** : ਸਂ ਨ ਧੁ ਪ ਮ॑ ਗ ਮ॑ਗ ਰੁ ਸ
**੮. ਮੁੱਖ ਅੰਗ** : ਸ ਗ ਪ ਮ॑ ਧੁ ਪ ਮ॑ ਗ ਗ ਰੁ ਸ
**੯. ਸੰਖੇਪ ਸੁਰ ਵਿਸਤਾਰ** : .ਨ ਸ ਗ ਮ॑ ਪ ਪ ਧੁ ਮ॑ ਗ ਮ॑ ਗ ਰੁ ਸ

## ੧੨. ਰਾਗੁ ਟੋਡੀ

**੧. ਸੁਰ** : ਰੁ, ਗੁ, ਧੁ ਕੋਮਲ ਮ॑ ਤੀਬਰ
**੨. ਥਾਟ** : ਟੋਡੀ
**੩. ਵਰਜਿਤ ਸੁਰ** : ਅਰੋਹ ਵਿੱਚ ਪ
**੪. ਜਾਤੀ** : ਛਾੜਵ-ਸੰਪੂਰਣ
**੫. ਸਮਾਂ** : ਦਿਨ ਦਾ ਦੂਜਾ ਪਹਿਰ
**੬. ਵਾਦੀ** : ਧੁ
**ਸੰਵਾਦੀ** : ਗੁ
**੭. ਅਰੋਹ** : ਸ ਰੁ ਗੁ ਮ॑ ਧੁ ਨ ਸਂ
**ਅਵਰੋਹ** : ਸਂ ਨ ਧੁ ਪ ਮ॑ ਧੁ ਰੁ ਗੁ ਰੁ ਸ
**੮. ਮੁੱਖ ਅੰਗ** : .ਧੁ .ਨ ਸ ਰੁ ਗੁ ਰੁ ਗੁ ਰੁ ਸ
**੯. ਸੰਖੇਪ ਸੁਰ ਵਿਸਤਾਰ** : .ਨ ਰੁ ਗੁ ਮ॑ ਧੁ ਪ ਪ ਮ॑ ਧੁ ਮ॑ ਗੁ ਰੁ ਗੁ ਰੁ ਸ

## ੧੩. ਰਾਗੁ ਬੈਰਾੜੀ

**੧. ਸੁਰ** : ਰੁ ਕੋਮਲ ਮ' ਤੀਬਰ

**੨. ਥਾਟ** : ਮਾਰਵਾ

**੩. ਜਾਤੀ** : ਸੰਪੂਰਣ

**੪. ਸਮਾਂ** : ਸ਼ਾਮ ਦਾ

**੫. ਵਾਦੀ** : ਗ

**ਸੰਵਾਦੀ** : ਧ

**੬. ਅਰੋਹ** : ਸ ਰੁ ਗ ਮ' ਪ ਧ ਪ ਧ ਨ ਸੰ

**ਅਵਰੋਹ** : ਸੰ ਰੁੰ ਸੰ ਨ ਧ ਪ ਮ' ਗ ਰੁ ਗ ਰੁ ਸ

**੭. ਮੁੱਖ ਅੰਗ** : ਪ ਗ ਪ ਧ ਪ ਮ' ਗ ਰੁ ਗ ਰੁ ਸ

**੮. ਸੰਖੇਪ ਸੁਰ ਵਿਸਤਾਰ** : .ਨ ਸ .ਨ ਰੁ ਗ ਰੁ ਸ ਮ' ਗ ਧ ਮ'
ਗ ਪ ਧ ਮ' ਗ ਰੁ ਗ ਮ' ਧ ਮ' ਗ ਰੁ ਸ

**੯. ਸੁਰ ਸੰਗਤੀ** : ਸ ਪ , ਗ ਪ

## ੧੪. ਰਾਗੁ ਤਿਲੰਗ

**੧. ਸੁਰ** : ਦੋਵੇਂ ਨ

**੨. ਥਾਟ** : ਖਮਾਜ

**੩. ਵਰਜਿਤ ਸੁਰ** : ਰ, ਧ

**੪. ਜਾਤੀ** : ਔੜਵ-ਔੜਵ

**੫. ਸਮਾਂ** : ਦਿਨ ਦਾ ਤੀਸਰਾ ਪਹਿਰ

**੬. ਵਾਦੀ** : ਗ

**ਸੰਵਾਦੀ** : ਨ

**੭. ਅਰੋਹ** : ਸ ਗ ਮ ਪ ਨ ਸੰ

**ਅਵਰੋਹ** : ਸੰ ਨੁ ਪ ਮ ਗ ਮ ਗ – ਸ

**੮. ਮੁੱਖ ਅੰਗ** : ਗ ਮ ਪ ਨੁ ਪ – ਮ ਪ ਮ ਗ

**੯. ਸੰਖੇਪ ਸੁਰ ਵਿਸਤਾਰ** : ਸ ਗ ਮ – ਪ ਮ ਪਮ ਗ ਗ ਮ ਪ ਨੁ ਪ ਮ ਗ ਸ.ਨ ਸ



## ੧੫. ਰਾਗੁ ਸੂਹੀ

**੧. ਸੁਰ** : ਦੋਵੇਂ ਨ

**੨. ਥਾਟ** : ਬਿਲਾਵਲ

**੩. ਜਾਤੀ** : ਸੰਪੂਰਣ-ਸੰਪੂਰਣ

**੪. ਸਮਾਂ** : ਦਿਨ ਦਾ ਦੂਸਰਾ ਪਹਿਰ

**੫. ਵਾਦੀ** : ਪ

**ਸੰਵਾਦੀ** : ਸ

**੬. ਅਰੋਹ** : ਸ ਰ ਗ ਮ ਪ ਨ ਧ ਨ ਸੰ

**ਅਵਰੋਹ** : ਸੰ ਨੁ ਧ ਪ ਮ ਗ ਰ ਗ ਮ ਗ ਰ ਸ

**੭. ਮੁੱਖ ਅੰਗ** : ਸੰ ਨੁ ਧ ਪ ਮ ਗ ਰ ਗ ਮ ਗ ਰ ਸ

**੮. ਸੰਖੇਪ ਸੁਰ ਵਿਸਤਾਰ** : ਸ ਗ ਮ ਗ ਰ ਗ ਪ ਧ ਨ ਸੰ ਸੰ ਨੁ
ਧ ਪ ਮ ਗ ਮ ਨੁ ਧ ਪ ਪ ਮ ਗ ਰ ਗ ਰ ਸ

## ੧੬. ਰਾਗੁ ਬਿਲਾਵਲ

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੪੯)

**੧. ਸੁਰ** : ਸਾਰੇ ਸ਼ੁੱਧ ਸੁਰ

**੨. ਥਾਟ** : ਬਿਲਾਵਲ

**੩. ਜਾਤੀ** : ਸੰਪੂਰਣ

**੪. ਸਮਾਂ** : ਦਿਨ ਦਾ ਪਹਿਲਾ ਪਹਿਰ

**੫. ਵਾਦੀ** : ਧ

**ਸੰਵਾਦੀ** : ਗ

**੬. ਅਰੋਹ** : ਸ ਰ ਗ ਮ ਗ ਰ ਗ ਪ ਧ ਨ ਸੰ

**ਅਵਰੋਹ** : ਸੰ ਨ ਧ ਪ ਗ ਰ ਗ ਪ ਮ ਗ ਰ ਸ

**੭. ਮੁੱਖ ਅੰਗ** : ਗ ਪ ਧ ਨ ਸੰ ਸੰ ਨ ਧ ਪ ਮ ਗ ਮ ਰ ਸ

**੮. ਸੰਖੇਪ ਸੁਰ ਵਿਸਤਾਰ** : ਗ ਪ ਮ ਗ ਰ ਗ ਪ ਮ ਗ ਰ ਗ ਮ ਪ ਧ ਨ ਸੰ,
ਸੰ ਨ ਧ ਪ, ਮ ਗ ਮ ਰ ਗ ਪ ਮ ਗ ਮ ਰ ਸ

## ੧੭. ਰਾਗੁ ਗੋਂਡ

**੧. ਸੁਰ** : ਸਾਰੇ ਸ਼ੁੱਧ ਸੁਰ

**੨. ਥਾਟ** : ਬਿਲਾਵਲ

**੩. ਜਾਤੀ** : ਸੰਪੂਰਣ-ਸੰਪੂਰਣ

**੪. ਸਮਾਂ** : ਦਿਨ ਦਾ ਦੂਜਾ ਪਹਿਰ

**੫. ਵਾਦੀ** : ਸ

**ਸੰਵਾਦੀ** : ਮ

**੬. ਅਰੋਹ** : ਸ ਰ ਗ ਮ ਪ ਧ ਨ ਧ ਨ ਸਂ

**ਅਵਰੋਹ** : ਸਂ ਨ ਧ ਨ ਪ ਮ ਗ ਰ ਸ

**੭. ਮੁੱਖ ਅੰਗ** : ਮਪ ਨ ਧ ਨ ਪ ਗ ਮ ਗ ਰ ਗ ਰ ਸ

**੮. ਸੰਖੇਪ ਸੁਰ ਵਿਸਤਾਰ :** ਨ ਧ ਨ ਪ ਧ ਨ ਸਂ, ਨ ਧ ਨ ਸਂ ਰਂ ਸਂ
ਰਂ ਰਂ ਸਂ ਰਂ ਸਂ ਸਂ ਧ ਨ ਪ ਨ ਧ ਪ ਗ ਮ ਪ ਮ ਗ ਰ ਸ

## ੧੮. ਰਾਗੁ ਰਾਮਕਲੀ

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੫੦)

**੧. ਸੁਰ** : ਰੁ ਧੁ ਕੋਮਲ, ਦੋਵੇਂ ਮ, ਦੋਵੇਂ ਨ

**੨. ਥਾਟ** : ਭੈਰਵ

**੩. ਵਰਜਿਤ ਸੁਰ** : ਅਰੋਹ ਵਿੱਚ ਰੁ ਕੋਮਲ

**੪. ਜਾਤੀ** : ਛਾੜਵ - ਸੰਪੂਰਣ

**੫. ਸਮਾਂ** : ਸਵੇਰ ਦਾ ਸੰਧੀ ਪ੍ਰਕਾਸ਼

**੬. ਵਾਦੀ** : ਪ

**ਸੰਵਾਦੀ** : ਸ

**੭. ਅਰੋਹ** : ਸ .ਨ ਸ ਗ ਮ ਪ ਧੁ ਨ ਸਂ

**ਅਵਰੋਹ** : ਸਂ ਨ ਧੁ ਪ ਮ॑ ਪ ਧੁ ਨੁ ਧੁ ਪ ਮ॑ ਪ ਗ ਮ ਰੁ ਸ

**੮. ਮੁੱਖ ਅੰਗ** : ਪ ਗ ਮ ਰੁ ਸ .ਨ ਸ ਗ ਮ ਪ

**੯. ਸੰਖੇਪ ਸੁਰ ਵਿਸਤਾਰ :** ਪ ਧੁ ਨੁ ਧੁ ਪ ਮ॑ ਪ ਗ ਮ ਪ ਗ ਮ ਰੁ ਰੁ ਸ



## ੧੯. ਰਾਗੁ ਨਟ-ਨਰਾਇਨ

**੧. ਸੁਰ** : ਦੋਵੇਂ ਮ ਬਾਕੀ ਸ਼ੁੱਧ ਸਵੱਰ

**੨. ਥਾਟ** : ਬਿਲਾਵਲ

**੩. ਵਰਜਿਤ ਸੁਰ** : ਅਵਰੋਹ ਵਿੱਚ ਨ, ਮ ਦਾ ਪ੍ਰਯੋਗ ਵਕਰ ਰੂਪ

**੪. ਜਾਤੀ** : ਸੰਪੂਰਣ-ਔੜਵ

**੫. ਸਮਾਂ** : ਰਾਤ ਦਾ ਦੂਜਾ ਪਹਿਰ

**੬. ਵਾਦੀ** : ਪ

**ਸੰਵਾਦੀ** : ਰ

**੭. ਅਰੋਹ** : ਸ ਮ ਗ ਮ ਰ ਮ॑ ਪ ਧ ਨ ਸਂ

**ਅਵਰੋਹ** : ਸਂ ਧ ਪ ਮ॑ ਧ ਪ ਗ ਮ ਰ ਸ

**੮. ਸੰਖੇਪ ਸੁਰ ਵਿਸਤਾਰ :** ਸ ਗ ਮ ਰ ਮ॑ ਪ ਧ ਪ ਗ ਮ ਰ ਸ ਰ ਸ, ਪ ਮ॑ ਧ ਪ,
ਧ ਨ ਸਂ ਰਂ ਸਂ, ਧ ਨ ਪ, ਸਂ ਧ ਨ ਪ, ਗ ਮ ਰ ਮ॑ ਪ ਗ ਮ ਰ ਸ ਰ ਸ

## ੨੦. ਰਾਗੁ ਮਾਲੀ ਗਉੜਾ

**੧. ਸੁਰ** : ਰੁ ਕੋਮਲ ਮ॑ ਤੀਬਰ ਦੋਵੇਂ ਧ

**੨. ਥਾਟ** : ਮਾਰਵਾ

**੩. ਜਾਤੀ** : ਸੰਪੂਰਣ-ਸੰਪੂਰਣ

**੪. ਸਮਾਂ** : ਦਿਨ ਦਾ ਚੌਥਾ ਪਹਿਰ

**੫. ਵਾਦੀ** : ਰ

**ਸੰਵਾਦੀ** : ਪ

**੬. ਅਰੋਹ** : ਸ ਰੁ .ਨ .ਧ .ਨ ਰੁ ਗ ਮ॑ ਗ ਮ॑ ਧ ਨ ਧ ਸਂ

**ਅਵਰੋਹ** : ਸਂ ਰੁਂ ਨ ਧੁ ਪ ਮ॑ ਗ ਰੁ ਸ

**੭. ਸੰਖੇਪ ਸੁਰ ਵਿਸਤਾਰ :** ਮ॑ ਗ ਰੁ, ਸ .ਧ .ਨ ਸ ਰੁ ਗ ਮ॑ ਪ ਨ ਧੁ ਪ ਮ॑
ਧ ਮ॑ ਗ ਰੁ ਸ

## ੨੧. **ਰਾਗੁ ਮਾਰੂ**

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੨੫)

**੧. ਸੁਰ** : ਦੋਵੇਂ ਮ, ਦੋਵੇਂ ਧ, ਦੋਵੇਂ ਨ, ਅਰੋਹ ਵਿੱਚ ਰ ਵਰਜਿਤ
**੨. ਥਾਟ** : ਖਮਾਜ
**੩. ਜਾਤੀ** : ਛਾੜਵ-ਸੰਪੂਰਣ
**੪. ਸਮਾਂ** : ਦਿਨ ਦਾ ਤੀਜਾ ਪਹਿਰ
**੫. ਵਾਦੀ** : ਗ
**ਸੰਵਾਦੀ** : ਨ
**੬. ਅਰੋਹ** : ਸ ਗ ਮ ਪ ਧ ਨ ਸਂ
**ਅਵਰੋਹ** : ਸਂ ਨੁ ਧ ਪ ਮ॑ ਪ ਧੁ ਨ ਧੁ ਪ ਪ ਧ ਪ ਗ ਰ ਗ ਰ ਸ
**੭. ਮੁੱਖ ਅੰਗ** : ਮ॑ ਪ ਧੁ ਨ ਧੁ ਪ ਪ ਪ ਨੁ ਧ ਪ ਮ॑ ਪ ਧੁ ਨ ਧੁ ਪ,
ਪ ਧ ਪ ਗ ਰ, ਗ ਰ ਸ
**੮. ਸੰਖੇਪ ਸੁਰ ਵਿਸਤਾਰ :** ਮ ਗ ਮ ਪ ਧੁ ਨ ਧੁ ਪ, ਨੁ ਧ ਪ ਮ॑ ਪ ਪ ਧ ਪ ਗ
ਰ ਗ ਰ ਸ

## ੨੨. **ਰਾਗੁ ਤੁਖਾਰੀ**

**੧. ਸੁਰ** : ਦੋਵੇਂ ਨ, ਮ॑ ਤੀਬਰ, ਗੁ ਕੋਮਲ
**੨. ਥਾਟ** : ਟੋਡੀ
**੩. ਵਰਜਿਤ ਸੁਰ** : ਅਰੋਹ ਵਿੱਚ ਰ, ਧ
**੪. ਜਾਤੀ** : ਔੜਵ-ਸੰਪੂਰਣ
**੫. ਸਮਾਂ** : ਦਿਨ ਦਾ ਚੌਥਾ ਪਹਿਰ
**੬. ਵਾਦੀ** : ਪ
**ਸੰਵਾਦੀ** : ਸ
**੭. ਅਰੋਹ** : .ਨ ਸ ਗੁ ਮ॑ ਪ ਨ ਸਂ
**ਅਵਰੋਹ** : ਸਂ ਨ ਧ ਪ ਨੁ ਧ ਪ, ਮ॑ ਗੁ ਰ ਸ
**੮. ਮੁੱਖ ਅੰਗ** : .ਨ ਸ ਗੁ ਮ॑ ਪ ਧ ਨੁ ਧ ਪ ਮ॑ ਗੁ ਰ ਸ .ਨ ਸ
**੯. ਸੁਰ ਵਿਸਤਾਰ :** .ਨ ਸ ਗੁ ਮ॑ ਪ ਮ॑ ਧ ਪ ਗੁ ਮ॑ ਪ ਧ ਨੁ ਧ ਪ ਧ ਮ॑ ਪ ਗੁ ਰ ਸ



## ੨੩. **ਰਾਗੁ ਕੇਦਾਰਾ**

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੮੭)

**੧. ਸੁਰ** : ਦੋਵੇਂ ਮ, ਦੋਵੇਂ ਨ, ਬਾਕੀ ਸ਼ੁੱਧ
**੨. ਥਾਟ** : ਕਲਿਆਣ
**੩. ਵਰਜਿਤ ਸੁਰ** : ਗ
**੪. ਜਾਤੀ** : ਔੜਵ-ਛਾੜਵ
**੫. ਸਮਾਂ** : ਰਾਤ ਦਾ ਦੂਜਾ ਪਹਿਰ
**੬. ਵਾਦੀ** : ਮ
**ਸੰਵਾਦੀ** : ਸ
**੭. ਅਰੋਹ** : ਸ ਮ, ਪ ਮ॑ ਪ ਧ ਨ ਸਂ
**ਅਵਰੋਹ** : ਸਂ ਨ ਧ ਪ ਮ॑ ਪ ਧ ਨੁ ਧ ਪ ਮ॑ ਪ ਧ ਪ ਮ ਰ ਸ
**੮. ਮੁੱਖ ਅੰਗ** : ਮ॑ ਪ ਧ ਪ ਮ ਸ ਰ ਸ
**੯. ਸੰਖੇਪ ਸੁਰ ਵਿਸਤਾਰ :** ਸ ਮ ਮ ਪ ਪ ਧ ਪ ਧ ਮ॑ ਪ ਮ॑ ਪ ਸਂ ਰਂ ਸਂ ਧ ਪ
ਮ॑ ਪ ਧ ਨੁ ਧ ਪ ਮ ਸ ਰ ਸ ਰ ਗ ਰ ਸ

## ੨੪. **ਰਾਗੁ ਭੈਰਉ**

**੧. ਸੁਰ** : ਰੁ ਧੁ ਕੋਮਲ
**੨. ਥਾਟ** : ਭੈਰਵ
**੩. ਜਾਤੀ** : ਸੰਪੂਰਣ-ਸੰਪੂਰਣ
**੪. ਸਮਾਂ** : ਦਿਨ ਦਾ ਪਹਿਲਾ ਪਹਿਰ
**੫. ਵਾਦੀ** : ਧੁ
**ਸੰਵਾਦੀ** : ਰੁ
**੬. ਅਰੋਹ** : ਸ ਰੁ ਗ ਮ ਪ ਧੁ ਨ ਸਂ
**ਅਵਰੋਹ** : ਸਂ ਨ ਧੁ ਪ ਮ ਗ ਰੁ ਸ
**੭. ਮੁੱਖ ਅੰਗ** : ਸ ਰੁ ਗ ਮ, ਪ ਗ ਮ ਧੁ ਧੁ ਪ
**੮. ਸੰਖੇਪ ਸੁਰ ਵਿਸਤਾਰ :** ਮ ਪ ਧੁ, ਨ ਧੁ - ਪ, ਮ ਪ ਗ ਮ ਧੁ-ਪ,ਮ ਗ ਰੁ-ਸ

## ੨੫. ਰਾਗੁ ਬਸੰਤ

ਬਨਸਪਤਿ ਮਉਲੀ ਚੜਿਆ ਬਸੰਤੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੭੬)

**੧. ਸੁਰ** : ਸਾਰੇ ਸ਼ੁੱਧ

**੨. ਥਾਟ** : ਬਿਲਾਵਲ

**੩. ਵਰਜਿਤ ਸੁਰ** : ਅਰੋਹ ਵਿੱਚ ਰ, ਪ

**੪. ਜਾਤੀ** : ਔੜਵ-ਸੰਪੂਰਣ

**੫. ਸਮਾਂ** : ਬਸੰਤ ਰੁੱਤ ਵਿੱਚ ਹਰ ਸਮੇਂ

**੬. ਵਾਦੀ** : ਸ

**ਸੰਵਾਦੀ** : ਮ

**੭. ਅਰੋਹ** : ਸ ਗ ਮ ਧ ਨ ਸੰ

**ਅਵਰੋਹ** : ਸੰ ਨ ਧ ਪ ਮ ਗ ਮ ਰ ਸ

**੮. ਸੰਖੇਪ ਸੁਰ ਵਿਸਤਾਰ :** ਗ ਮ ਧ ਨ ਸੰ ਸੰ ਨ ਧ ਪ ਮ - ਗ ਮ ਰ ਸ

ਸ ਗ ਮ ਪ ਸ ਗ ਮ ਧ ਨ ਧ ਪ ਮ ਪ ਗ ਮ ਰ ਸ

**ਨੋਟ : ਇਸ ਰਾਗ ਨੂੰ ਆਦਿ ਬਸੰਤ ਕਰਕੇ ਵੀ ਜਾਣਿਆ ਜਾਂਦਾ ਹੈ।**

## ੨੬. ਰਾਗੁ ਸਾਰੰਗ

**੧. ਸੁਰ** : ਦੋਵੇਂ ਨਿਸ਼ਾਦ (ਨ)

**੨. ਥਾਟ** : ਕਾਫੀ

**੩. ਵਰਜਿਤ ਸੁਰ** : ਗ, ਧ

**੪. ਜਾਤੀ** : ਔੜਵ-ਔੜਵ

**੫. ਸਮਾਂ** : ਦੁਪਹਿਰ ਸਮੇਂ

**੬. ਵਾਦੀ** : ਰ

**ਸੰਵਾਦੀ** : ਪ

**੭. ਅਰੋਹ** : ਸ ਰ ਮ ਪ ਨ ਸੰ

**ਅਵਰੋਹ** : ਸੰ ਨੁ ਪ ਮ ਰ .ਨ ਸ

**੮. ਮੁੱਖ ਅੰਗ** : .ਨ ਸ ਰ - ਮ ਰ ਪ ਮ ਰ .ਨ ਸ

**੯. ਸੰਖੇਪ ਸੁਰ ਵਿਸਤਾਰ :** .ਨ ਸ ਰ ਮ ਰ - ਰ ਮ ਪ ਮ ਰ ਰ

ਮ ਪ ਨੁ ਪ ਮ ਰ ਮ ਰ .ਨ ਸ



## ੨੭. ਰਾਗੁ ਮਲਾਰ

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੮੩)

**੧. ਸੁਰ** : ਦੋਵੇਂ ਨਿਸ਼ਾਦ

**੨. ਥਾਟ** : ਖਮਾਜ

**੩. ਜਾਤੀ** : ਸੰਪੂਰਣ-ਸੰਪੂਰਣ

**੫. ਸਮਾਂ** : ਬਰਸਾਤ ਰੁੱਤ ਵਿੱਚ ਹਰ ਸਮੇਂ

**੬. ਵਾਦੀ** : ਮ

**ਸੰਵਾਦੀ** : ਸ

**੭. ਅਰੋਹ** : ਸ ਰ ਗ ਮ ਰ ਪ ਨੁ ਧ ਨ ਸੰ

**ਅਵਰੋਹ** : ਸੰ ਧ ਨੁ ਪ ਗ ਮ ਰ ਸ

**੮. ਸੰਖੇਪ ਸੁਰ ਵਿਸਤਾਰ :** ਸ ਰ ਗ ਮ ਰ ਰ ਪ ਮ ਪ ਨੁ ਧ ਨੁ ਪ ਗ ਮ ਰ ਪ,

ਨੁ ਧ ਨ ਸੰ - ਸੰ ਨੁ ਪ ਗ ਮ ਰ ਪ - ਗ ਮ ਰ ਸ

## ੨੮. ਰਾਗੁ ਕਾਨੜਾ

**੧. ਸੁਰ** : ਗੁ ਕੋਮਲ, ਦੋਵੇਂ ਨ

**੨. ਥਾਟ** : ਕਾਫੀ

**੩. ਵਰਜਿਤ ਸਵੱਰ** : ਧ

**੪. ਜਾਤੀ** : ਛਾੜਵ-ਛਾੜਵ

**੫. ਸਮਾਂ** : ਰਾਤ ਦਾ ਦੂਸਰਾ ਪਹਿਰ

**੬. ਵਾਦੀ** : ਪ

**ਸੰਵਾਦੀ** : ਸ

**੭. ਅਰੋਹ** : ਸ ਰ ਗੁ ਮ ਪ ਨ ਸੰ

**ਅਵਰੋਹ** : ਸੰ ਨੁ ਪ ਮ ਪ ਗੁ ਮ ਰ ਸ

**੮. ਮੁੱਖ ਅੰਗ** : ਨੁ ਮ ਪ ਸੰ ਨੁ ਪ ਗੁ - ਮ ਰ ਸ

**੯. ਸੰਖੇਪ ਸੁਰ ਵਿਸਤਾਰ :** ਰ ਮ ਪ ਨੁ ਪ ਮ ਪ ਨ - ਸੰ ਰੰ ਨ ਸੰ ਨੁ - ਪ ਗੁ ਗੁ

ਮ ਰ ਸ

## ੨੯. ਰਾਗੁ ਕਲਿਆਣ

ਸਰਬ ਸੁਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੨੩)

**੧. ਸੁਰ** : ਮ॑ ਤੀਬਰ

**੨. ਥਾਟ** : ਕਲਿਆਣ

**੩. ਜਾਤੀ** : ਸੰਪੂਰਣ-ਸੰਪੂਰਣ

**੫. ਸਮਾਂ** : ਰਾਤ ਦਾ ਪਹਿਲਾ ਪਹਿਰ

**੬. ਵਾਦੀ** : ਗ

**ਸੰਵਾਦੀ** : ਨ

**੭. ਅਰੋਹ** : ਸ .ਨ ਰ ਗ ਮ॑ ਪ ਧ ਨ ਸਂ

**ਅਵਰੋਹ** : ਸਂ ਨ ਧ ਪ ਮ॑ ਗ ਰ ਸ

**੮. ਸੰਖੇਪ ਸੁਰ ਵਿਸਤਾਰ :** ਗ ਰ .ਨ ਰ ਸ ਪ ਮ॑ ਗ ਰ ਗ ਗ ਮ॑ ਧ ਨ ਧ ਪ ਮ॑ ਗ ਰ .ਨ ਰ ਸ

## ੩੦. ਰਾਗੁ ਪ੍ਰਭਾਤੀ

ਪਰਭਾਤੇ ਪ੍ਰਭ ਨਾਮਿ ਜਪਿ ਗੁਰ ਕੇ ਚਰਣ ਧਿਆਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੯੯)

**੧. ਸੁਰ** : ਸਾਰੇ ਸ਼ੁੱਧ

**੨. ਥਾਟ** : ਕਲਿਆਣ

**੩. ਵਰਜਿਤ ਸੁਰ** : ਮ, ਅਰੋਹ ਵਿੱਚ ਨ

**੪. ਜਾਤੀ** : ਔੜਵ-ਛਾੜਵ

**੫. ਸਮਾਂ** : ਸਵੇਰ ਦਾ ਪਹਿਲਾ ਪਹਿਰ

**੬. ਵਾਦੀ** : ਸ

**ਸੰਵਾਦੀ** : ਧ

**੭. ਅਰੋਹ** : ਸ ਰ ਗ ਪ ਧ ਸਂ

**ਅਵਰੋਹ** : ਸਂ ਨ ਧ ਨ ਪ ਗ ਰ ਸ

**੮. ਮੁੱਖ ਅੰਗ** : ਗ ਪ ਧ ਪ ਧ ਨ ਪ ਗ ਪ ਧ ਪ

**੯. ਸੰਖੇਪ ਸੁਰ ਵਿਸਤਾਰ :** ਸਂ ਨ ਧ ਨ ਪ ਗ ਪ ਧ ਪ ਧ ਪ ਗ ਗ ਧ ਪ ਗ ਰ ਸ



## ੩੧. ਰਾਗੁ ਜੈਜਾਵੰਤੀ

**੧. ਸੁਰ** : ਦੋਵੇਂ ਗ, ਦੋਵੇਂ ਨ

**੨. ਥਾਟ** : ਖਮਾਜ

**੩. ਜਾਤੀ** : ਸੰਪੂਰਣ - ਸੰਪੂਰਣ

**੫. ਸਮਾਂ** : ਰਾਤ ਦਾ ਦੂਸਰਾ ਪਹਿਰ

**੬. ਵਾਦੀ** : ਰ

**ਸੰਵਾਦੀ** : ਪ

**੭. ਅਰੋਹ** : ਸ ਰ ਗ ਮ ਪ ਗ ਮ ਧ ਨ ਸਂ

**ਅਵਰੋਹ** : ਸਂ ਨੁ ਧ ਪ ਮ ਗ ਰ ਰ ਗੁ ਰ ਸ .ਨ ਸ ਧ .ਨੁ .ਰ - ਸ

**੮. ਸੰਖੇਪ ਸੁਰ ਵਿਸਤਾਰ :** ਰ ਗੁ ਰ ਸ .ਨ ਸ .ਧ .ਨੁ ਰ - ਸ ਗ ਮ ਧ ਨ ਸਂ ਰਂ ਗੁਂ ਰਂ ਸਂ
ਰਂ ਨ ਸਂ ਰਂ ਨੁ ਧ ਪ ਮ ਗ ਮ ਰ, ਗ ਮ ਪ ਮ ਗ ਮ ਰ ਗੁ ਰ ਸ

## ਪੱਤਰ ਵਿਹਾਰ ਕੋਰਸਾਂ ਦਾ ਵੇਰਵਾ

| ਕ੍ਰਮ | ਕੋਰਸ |
|---|---|
| ੧. | ਗੁਰਮਤਿ ਸੰਗੀਤ ਪ੍ਰਵੇਸ਼ਕਾ |
| ੨. | ਗੁਰਮਤਿ ਸੰਗੀਤ ਪ੍ਰਵੇਸ਼ਕਾ ਪੂਰਨ |
| ੩. | ਗੁਰਮਤਿ ਸੰਗੀਤ ਮਧਿਅਮਾ |
| ੪. | ਗੁਰਮਤਿ ਸੰਗੀਤ ਮਧਿਅਮਾ ਪੂਰਨ |
| ੫. | ਗੁਰਮਤਿ ਸੰਗੀਤ ਸਵੱਰ ਸਮੁੰਦ |
| ੬. | ਗੁਰਮਤਿ ਸੰਗੀਤ ਸਵੱਰ ਸਮੁੰਦ ਪੂਰਨ |

ਮੁਲਾਂਕਣ- (੫ ਨੁਕਾਤੀ ਗ੍ਰੇਡ- ੫ Point Grade) :-

| ਅੰਕ | ਗ੍ਰੇਡ |
|---|---|
| 80% ਤੋਂ ਉਪਰ | A+ |
| 70-79% | A |
| 60-69% | B+ |
| 50-59% | B |
| 50% ਤੋਂ ਹੇਠਾਂ | C |



# ਸਵੱਰ ਸਮੁੰਦ

## *Swar Samund*

### ੩੧ ਰਾਗ

ਸਬਦਾਂ ਅਤੇ ਅਰਥਾਂ ਸਹਿਤ

**ਸਨਿਮਰ ਬਿਨੈ :** ਸ਼ਬਦਾਂ ਦੇ ਅਰਥ ਸਮਝ-ਸਮਝ ਕੇ, ਰੰਗ ਵਿੱਚ ਰਤੀਜ ਕੇ, ਪਤੀਜ ਕੇ ਕੀਰਤਨ ਕਰੀਏ : ਅਨੰਦ ਘਨੇਰਾ ਬਣ ਆਵੇਗਾ ਜੀਓ।

# ਸ੍ਰੀ ਰਾਗੁ

## ਮਹਲਾ ੫ ਘਰੁ ੭

**ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥**
**ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥**
**ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥੧॥ ਰਹਾਉ॥**
**ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥**
**ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥**
**ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥**
**ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥**
**ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥**
**ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੧-੫੨)
(ਅੰਮ੍ਰਿਤ ਕੀਰਤਨ - ੧੬੪)

### ਭਾਵ-ਅਰਥ

੧. ਹੇ ਪ੍ਰਭੂ ਜੀ, ਤੇਰੇ ਪਿਆਰ ਦੇ ਭਰੋਸੇ ਤੇ ਲਾਡ ਵਿੱਚ ਹੀ ਮੈਂ ਦਿਨ ਗੁਜ਼ਾਰ ਦਿੱਤੇ ਹਨ, ਮੈਨੂੰ ਯਕੀਨ ਹੈ ਕਿ ਤੂੰ ਸਾਡਾ ਮਾਂ ਪਿਉ ਹੈ ਤੇ ਬੱਚੇ ਭੁੱਲਾਂ ਤੇ ਉਕਾਈਆਂ ਕਰਿਆ ਹੀ ਕਰਦੇ ਹਨ। ਹੇ ਪ੍ਰਭੂ, ਤੇਰਾ ਭਾਣਾ ਮੰਨਣਾ ਤੇ ਤੇਰੀ ਮਰਜ਼ੀ ਅਨੁਸਾਰ ਤੁਰਨਾ ਔਖਾ ਹੈ, ਪਰ ਇਹ ਅਖਵਾਉਣਾ ਸੌਖਾ ਹੈ ਕਿ ਅਸੀਂ ਤੇਰਾ ਭਾਣਾ ਮੰਨਦੇ ਹਾਂ। ਰਹਾਉ।

੨. ਹੇ ਮੇਰੇ, ਬੇ-ਮੁਥਾਜ ਪਿਤਾ ਪ੍ਰਭੂ ਜੀ! ਮੈਂ ਤੇਰਾ ਹੀ ਮਾਣ ਕਰਦਾ ਹਾਂ, ਮੈਨੂੰ ਇਹ ਫਖਰ ਹੈ ਕਿ ਤੂੰ ਮੇਰੇ ਸਿਰ ਤੇ ਹੈਂ ਤੇ ਮੈਂ ਤੇਰਾ ਹੀ ਆਸਰਾ ਰੱਖਦਾ ਹਾਂ। ਮੈਂ ਜਾਣਦਾ ਹਾਂ ਕਿ ਤੂੰ ਮੇਰਾ ਆਪਣਾ ਹੈਂ, ਤੂੰ ਸਭ ਜੀਆਂ ਦੇ ਅੰਦਰ ਵੱਸਦਾ ਹੈਂ ਤੇ ਸਭਨਾਂ ਤੋਂ ਬਾਹਰ ਭਾਵ ਨਿਰਲੇਪ ਵੀ ਹੈਂ।

੩. ਹੇ ਪ੍ਰਭੂ ਪਿਤਾ, ਮੈਨੂੰ ਨਹੀਂ ਪਤਾ ਕਿ ਤੈਨੂੰ ਪ੍ਰਸੰਨ ਕਰਨ ਦਾ ਕਿਹੜਾ ਤਰੀਕਾ ਹੈ। ਹੇ ਸੰਤ ਜਨੋਂ! ਮੈਨੂੰ ਪ੍ਰਭੂ-ਪਿਤਾ ਨੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਕਰ ਦਿੱਤਾ ਹੈ,ਕਿਉਂ ਕਿ ਉਹ ਮੈਨੂੰ ਆਪਣਾ ਜਾਣਦਾ ਹੈ।

੪. ਹੇ ਨਾਨਕ! ਪਾਲਣਹਾਰ ਪ੍ਰਭੂ ਜੀ ਜਿਸ ਮਨੁੱਖ ਉਤੇ ਦਇਆਵਾਨ ਹੁੰਦੇ ਹਨ, ਉਸਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਗੁਰੂ ਨੂੰ ਮਿਲਕੇ ਹੀ ਉਹ ਮਨੁੱਖ ਬੇਅੰਤ ਪ੍ਰਭੂ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਕੋਟਿ ਕੋਟਿ ਮੇਰੀ ਆਰਜਾ (ਅੰਗ-੧੩੯)
੨. ਤੂ ਦਰੀਆਉ ਦਾਨਾ ਬੀਨਾ (ਅੰਗ-੧੪●)



# ਰਾਗੁ ਸ੍ਰੀ (ਤੀਨ ਤਾਲ)

### ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਪ | ਪਮੰ | ਧੁ | ਧੁ | ਪ | ਪ | ਗ | ਗ | ਗ | ਪ | ਗ | ਰੁ | ਸ | ਸ |
| ਸੁ | ਙ | ਹੇ | ਲਾਙ | ਕ | ਹ | ਨੁ | ਕ | ਹਾ | ਙ | ਙ | ਙ | ਵ | ਙ | ਨੁ | ਙ |
| 0 | | | | 3 | | | | x | | | | 2 | | | |
| ਰੁ | ਰੁ | ਰੁ | ਰੁ | ਸ | ਸ | ਪ | ਮੰਪ | ਗ | ਗ | ਮੰਧੁ | ਪ | ਗ | ਰੁ | ਸ | ਸ |
| ਤੇ | ਙ | ਰਾ | ਙ | ਬਿ | ਙ | ਖ | ਮੁਙ | ਭਾ | ਙ | ਙਙ | ਙ | ਵ | ਙ | ਨੁ | ਙ |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਪ | ਮੰਪ | ਧੁ | ਧੁ | ਪ | ਨੀ | ਸੰ | ਸੰ | ਸੰ | ਸੰ | ਰੁੰ | ਰੁੰ | ਸੰ | ਸੰ |
| ਤੇ | ਙ | ਙ | ਙਙ | ਰੈ | ਙ | ਙ | ਭ | ਰੋ | ਙ | ਸੈ | ਙ | ਪਿ | ਆ | ਰੇ | ਙ |
| 0 | | | | 3 | | | | x | | | | 2 | | | |
| ਸੰ | ਸੰ | ਸੰ | ਨ | ਧੁ | ਧੁ | ਪ | ਪ | ਗ | ਗ | ਮੰਧੁ | ਪ | ਗ | ਰੁ | ਸ | ਸ |
| ਮੈ | ਙ | ਙ | ਙ | ਲਾ | ਙ | ਡ | ਲ | ਡਾ | ਙ | ਙਙ | ਇ | ਆ | ਙ | ਙ | ਙ |

### ਸਥਾਈ ਦੀਆਂ ਤਾਨਾਂ

| | | |
|---|---|---|
| ੧. | ਸਰੁ ਗਗ ਰੁਗ ਰੁਸ (x) | ਪਮ ਗਮੰ ਗਰੁ ਸ (2) |
| ੨. | ਸਰੁ ਮੰਪ ਧੁਪ ਮੰਪ (x) | ਰੁਗ ਰੁਸ .ਨਰੁ ਸ (2) |
| ੩. | ਨੁਨ ਧੁਪ ਮੰਧੁ ਪਮੰ (x) | ਰੁਗ ਰੁਸ .ਨਰੁ ਸ (2) |

### ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਮੰਪ ਨਸੰ ਰੁੰਰੁੰ ਸੰ (x) | ਸੰਨ ਧੁਪ ਮੰਪ ਨਸੰ (2) | | |
| ੨. | ਸੰਰੁੰ ਗੰਗੰ ਰੁੰਗ ਰੁੰਸੰ (x) | ਸੰਨ ਧੁਪ ਮੰਧ ਪਮੰ (2) | ਰੁਗ ਰੁਸ .ਨਰ ਸ (0) | |
| ੩. | ਸ- ਰੁਸ ਰੁ ਮੰਰੁ (0) | ਮੰ- ਪਮੰ ਪ- ਨਪ (3) | ਸੰ- ਸੰਨ ਸੰ ਸੰ (x) | ਸੰ- ਰੁੰਸੰ ਨ- ਸੰਨ (2) |
| | ਧੁ- ਨਧੁ ਪ ਪ (0) | ਧੁ- ਪਮੰ ਰੁ- ਗਰੁ (3) | ਸ- ਰੁਸ ਸ ਸ (x) | |

(ਤੇਰੈ ਭ- ਇੱਕ ਵਾਰੀ ਦੁਗਣ ਵਿੱਚ)

(ਤੇਰੈ ਤੇਰੈ ਤੇਰੈ ਭਰੋ- ਤਿੰਨ ਵਾਰੀ ਦੁਗਣ ਵਿੱਚ)

# ਮਾਝ ਮਹਲਾ ੫

**ਆਉ ਸਾਜਨ ਸੰਤ ਮੀਤ ਪਿਆਰੇ ॥**
**ਮਿਲਿ ਗਾਵਹ ਗੁਣ ਅਗਮ ਅਪਾਰੇ ॥**
**ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥**
**ਜਨਮ ਜਨਮ ਕੇ ਕਿਲਬਿਖ ਜਾਵਹਿ ॥ ਮਨਿ ਚਿੰਦੇ ਸੇਈ ਫਲ ਪਾਵਹਿ ॥**
**ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕ ਸਭਸੁ ਕਉ ਦੀਏ ਜੀਉ ॥੨॥**
**ਨਾਮੁ ਜਪਤ ਸਰਬ ਸੁਖੁ ਪਾਈਐ॥ ਸਭੁ ਭਉ ਬਿਨਸੈ ਹਰਿ ਹਰਿ ਧਿਆਈਐ॥**
**ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥੩॥**
**ਆਇ ਪਇਆ ਤੇਰੀ ਸਰਣਾਈ ॥ ਜਿਉ ਭਾਵੈ ਤਿਉ ਲੈਹਿ ਮਿਲਾਈ ॥**
**ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ॥੪॥੨੯॥੩੫॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੪-੧੦੫)
(ਅੰਮ੍ਰਿਤ ਕੀਰਤਨ - ੫੬੩)

## ਭਾਵ-ਅਰਥ

੧. ਹੇ ਮੇਰੇ ਪਿਆਰੇ ਮਿਤਰੋ! ਹੇ ਮੇਰੇ ਸੱਜਣੋ ਆਓ! ਅਸੀਂ ਰਲ ਕੇ ਅਪਹੁੰਚ ਤੇ ਬੇਅੰਤ ਪ੍ਰਭੂ ਦੇ ਗੁਣ ਗਾਈਏ। ਪ੍ਰਭੂ ਦੇ ਗੁਣ ਗਾਇਆਂ ਤੇ ਸੁਣਿਆਂ ਸਾਰੇ ਹੀ ਜੀਵ ਮਾਇਆ ਦੇ ਬੰਧਨਾਂ ਤੋਂ ਸੁਤੰਤਰ ਹੋ ਜਾਂਦੇ ਹਨ। ਇਸ ਲਈ ਉਸ ਪਰਮਾਤਮਾ ਦਾ ਧਿਆਨ ਧਰਨਾ ਚਾਹੀਦਾ ਹੈ, ਜਿਸਨੇ ਸਾਨੂੰ ਪੈਦਾ ਕੀਤਾ ਹੈ।

੨. ਜਿਹੜੇ ਬੰਦੇ ਪਰਮਾਤਮਾ ਦਾ ਧਿਆਨ ਧਰਦੇ ਹਨ, ਉਹਨਾਂ ਦੇ ਜਨਮ-ਜਨਮ ਦੇ ਕੀਤੇ ਪਾਪ ਦੂਰ ਹੋ ਜਾਂਦੇ ਹਨ। ਜਿਹੜੇ ਫਲ ਉਹ ਆਪਣੇ ਮਨ ਵਿੱਚ ਚਿਤਵਦੇ ਹਨ, ਉਹੀ ਫਲ ਉਹ ਪ੍ਰਾਪਤ ਕਰ ਲੈਂਦੇ ਹਨ। ਉਹ ਸਦਾ ਕਾਇਮ ਰਹਿਣ ਵਾਲੇ ਮਾਲਕ ਨੂੰ, ਸੁਆਮੀ ਨੂੰ ਸਿਮਰਦੇ ਹਨ, ਜਿਹੜਾ ਸਭ ਜੀਵਾਂ ਨੂੰ ਰਿਜ਼ਕ ਦਿੰਦਾ ਹੈ।

੩. ਪਰਮਾਤਮਾ ਦਾ ਨਾਮ ਜਪਿਆਂ ਹਰੇਕ ਕਿਸਮ ਦਾ ਸੁੱਖ ਪ੍ਰਾਪਤ ਹੁੰਦਾ ਹੈ। ਸਦਾ ਪਰਮਾਤਮਾ ਦਾ ਧਿਆਨ ਧਰਨਾ ਚਾਹੀਦਾ ਹੈ, ਇਸ ਤਰ੍ਹਾਂ ਦੁਨੀਆਂ ਵਾਲਾ ਡਰ ਨਾਸ ਹੋ ਜਾਂਦਾ ਹੈ। ਜਿਸ ਮਨੁੱਖ ਨੇ ਪਰਮਾਤਮਾ ਦਾ ਸਿਮਰਨ ਕੀਤਾ ਹੈ,ਉਹ ਸੰਸਾਰ ਸਮੁੰਦਰ ਦੇ ਪਰਲੇ-ਪਾਰ ਪਹੁੰਚਣ ਜੋਗਾ ਹੋ ਜਾਂਦਾ ਹੈ। ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।

੪. ਹੇ ਪ੍ਰਭੂ! ਮੈਂ ਆ ਕੇ ਤੇਰੀ ਸ਼ਰਨ ਪਿਆ ਹਾਂ, ਜਿਵੇਂ ਹੋ ਸਕੇ ਮੈਨੂੰ ਆਪਣੇ ਚਰਨਾਂ ਨਾਲ ਜੋੜ ਲੈ। ਜਿਸ ਮਨੁੱਖ ਨੂੰ ਤੂੰ ਕਿਰਪਾ ਕਰਕੇ ਆਪਣੀ ਭਗਤੀ ਵਿੱਚ ਜੋੜਦਾ ਹੈਂ, ਉਹ ਤੇਰਾ ਸਦਾ ਥਿਰ ਰਹਿਣ ਵਾਲਾ ਨਾਮ-ਅੰਮ੍ਰਿਤ ਪੀਂਦਾ ਰਹਿੰਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਦੁਖੁ ਤਦੇ ਜਾ ਵਿਸਰਿ ਜਾਵੈ (ਅੰਗ-੪੯੯)
੨. ਮੇਰਾ ਮਨੁ ਲੋਚੈ ਗੁਰ (ਅੰਗ-੪੯੬)



# ਰਾਗੁ ਮਾਝ (ਤੀਨ ਤਾਲ)

## ਸਥਾਈ

| | | | |
|---|---|---|---|
| **ਮ ਪ ਨ ਨ** | **ਸਂ ਸਂ ਸਂ ਸਂ** | **ਪ ਧ ਪ ਮ** | **ਗ - ਮ -** |
| ਆ ਤ ਉ ਸਾ | ਜ ਨ ਸੰ ਤ | ਮੀ ਤ ਤ ਪਿ | ਆ ਤ ਰੇ ਤ |
| 0 | 3 | x | 2 |
| **ਰ ਰ ਪ ਪ** | **ਗੁ ਗੁ ਰ ਰ** | **ਗੁ ਸ ਰ .ਨੀ** | **ਸ ਸ ਸ ਸ** |
| ਮਿ ਲਿ ਗਾ ਤ | ਵ ਹ ਗੁ ਣ | ਅ ਗ ਮ ਅ | ਪਾ ਤ ਰੇ ਤ |

## ਅੰਤਰਾ

| | | | |
|---|---|---|---|
| **ਮ ਮ ਮ ਮ** | **ਪ ਪ ਨੀ ਨੀ** | **ਸਂ ਸਂ ਸਂ ਸਂ** | **ਰਂ ਨੀ ਸਂ ਸਂ** |
| ਗਾ ਤ ਵ ਤ | ਸੁ ਣ ਤ ਸ | ਭੇ ਤ ਹੀ ਤ | ਮੁ ਕ ਤੇ ਤ |
| 0 | 3 | x | 2 |
| **ਰਂ ਰਂ ਰਂ ਰਂ** | **ਗੁਂ ਗੁਂ ਰਂ ਰਂ** | **ਗਂ ਸਂ ਰਂ ਨੀ** | **ਸਂ ਸਂ ਸਂ ਸਂ** |
| ਸੋ ਤ ਧਿਆ ਈਐ | ਜਿ ਨਿ ਹ ਮ | ਕੀ ਤ ਏ ਜੀ | ਉ ਤ ਤ ਤ |
| **ਸਂ ਸਂ ਸਂ ਰਂ** | **ਨੀ ਧ ਪ ਪ** | **ਪ ਧ ਪ ਮ** | **ਗ ਗ ਮ ਮ** |
| ਗਾ ਤ ਵ ਤ | ਸੁ ਣ ਤ ਸ | ਭੇ ਤ ਹੀ ਤ | ਮੁ ਕ ਤੇ ਤ |
| **ਰ ਰ ਪ ਪ** | **ਗੁ ਗੁ ਰ ਰ** | **ਗ ਸ ਰ .ਨੀ** | **ਸ ਸ ਸ ਸ** |
| ਸੋ ਤ ਧਿਆ ਈਐ | ਜਿ ਨਿ ਹ ਮ | ਕੀ ਤ ਏ ਜੀ | ਉ ਤ ਤ ਤ |

## ਸਥਾਈ ਦੀਆਂ ਤਾਨਾਂ

| | | | | |
|---|---|---|---|---|
| ੧. | ਸਰ ਮਪ ਨਨ ਸਂ (X) | ਪਧ ਪਮ ਗ ਮ (2) | | |
| ੨. | ਮਪ ਨਸਂ ਰਂਰਂ ਸਂ (X) | ਪਧ ਪਮ ਗ ਮ (2) | ਰਰ ਪਪ ਗੁਗੁ ਰ (0) | ਗੁਸ ਰ.ਨ ਸ ਸ (3) |
| ੩. | ਸਰ ਮਪ ਧਮ ਗਮ (X) | ਮਪ ਨਸਂ ਰਂਸਂ ਨਸਂ (2) | ਰਂਗੁਂ ਰਂਸਂ ਰ.ਨ ਸਂ (0) | |

(ਆਉ ਸਾਜਨ ਸੰਤ ਮੀਤ - ਤਿੰਨ ਵਾਰੀ ਦੁੱਗਣ ਵਿੱਚ) — ੨

(ਆਉ ਸਾਜਨ ਸੰਤ - ਇੱਕ ਵਾਰੀ ਦੁੱਗਣ ਵਿੱਚ) — ੩

## ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਮਪ ਨਸਂ ਰਂਗੁਂ ਰਂਸਂ (X) | ਰਂਪਂ ਗੁਂਰਂ ਗੁਂਸਂ ਨਸਂ (2) | | |
| ੨. | ਸਰ ਮਮ ਰਮ ਪਪ (X) | ਮਪ ਨਨ ਪਨ ਸਂਸਂ (2) | ਰਂਗੁਂ ਰਂਸਂ ਰਂਨ ਸਂ (0) | |
| ੩. | ਰਂਗੁਂ ਰਂਸਂ ਰਂਨ ਸਂ (X) | ਪਧ ਪਮ ਗਗ ਮ (2) | ਗੁਰ ਗੁਸ ਰਨ ਸ (0) | ਸਰ ਮਪ ਨਨ ਸਂ (3) |

(ਗਾਵਤ ਸੁਣਤ ਸਭੇ - ਇੱਕ ਵਾਰੀ ਦੁੱਗਣ ਵਿੱਚ) — ੨

(ਗਾਵਤ ਸੁਣਤ ਸਭੇ - ਤਿੰਨ ਵਾਰੀ ਦੁੱਗਣ ਵਿੱਚ) — ੩

## ਗਉੜੀ ਮਹਲਾ ੫

**ਹਰਿ ਸਿਮਰਤ ਤੇਰੀ ਜਾਇ ਬਲਾਇ ॥**
**ਸਰਬ ਕਲਿਆਣ ਵਸੈ ਮਨਿ ਆਇ ॥੧॥**
**ਭਜੁ ਮਨ ਮੇਰੇ ਏਕੋ ਨਾਮ ॥ ਜੀਅ ਤੇਰੇ ਕੈ ਆਵੈ ਕਾਮ ॥ਰਹਾਉ॥**
**ਰੈਣਿ ਦਿਨਸੁ ਗੁਣ ਗਾਉ ਅਨੰਤਾ ॥ ਗੁਰ ਪੂਰੇ ਕਾ ਨਿਰਮਲ ਮੰਤਾ ॥੨॥**
**ਛੋਡਿ ਉਪਾਵ ਏਕ ਟੇਕ ਰਾਖੁ ॥ ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥**
**ਬਿਖਮ ਸਾਗਰੁ ਤੇਈ ਜਨ ਤਰੇ ॥ ਨਾਨਕ ਜਾ ਕਉ ਨਦਰਿ ਕਰੇ॥੪॥੬੮॥੧੩੭॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੯੩)

(ਅੰਮ੍ਰਿਤ ਕੀਰਤਨ - ੩੭੧)

### ਭਾਵ-ਅਰਥ

੧. ਹੇ ਭਾਈ, ਪਰਮਾਤਮਾ ਦਾ ਸਿਮਰਨ ਕਰਦਿਆਂ ਤੇਰੇ ਕੋਲੋਂ ਮਾਇਆ ਰੂਪੀ ਡਾਇਣ ਛੇਤੀ ਹੀ ਪਰੇ ਹਟ ਜਾਏਗੀ। ਜੇ ਪਰਮਾਤਮਾ ਦਾ ਨਾਮ ਤੇਰੇ ਮਨ ਵਿੱਚ ਆ ਵਸੇ, ਤੇਰੇ ਅੰਦਰ ਸਾਰੇ ਸੁੱਖ ਆ ਵਸਣਗੇ। ਹੇ ਮੇਰੇ ਮਨ, ਇੱਕ ਪਰਮਾਤਮਾ ਦਾ ਨਾਮ ਸਿਮਰਦਾ ਰਹੁ। ਇਹ ਨਾਮ ਹੀ ਤੇਰੀ ਜਿੰਦ ਦੇ ਕੰਮ ਆਏਗਾ। ਰਹਾਉ।

੨. ਮੇਰੇ ਮਨ ਤੂੰ ਪੂਰੇ ਗੁਰੂ ਦਾ ਪਵਿੱਤਰ ਉਪਦੇਸ਼ ਲੈ ਤੇ ਦਿਨ-ਰਾਤ ਬੇਅੰਤ ਪਰਮਾਤਮਾ ਦੇ ਗੁਣ ਗਾਇਆ ਕਰ।

੩. ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਹੋਰ ਸਾਰੇ ਹੀਲੇ-ਵਸੀਲੇ ਕਰਨੇ ਛੱਡ ਕੇ ਇੱਕ ਪਰਮਾਤਮਾ ਦੇ ਨਾਮ ਦਾ ਆਸਰਾ ਰੱਖ। ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਚੱਖ, ਇਹੀ ਸਭ ਪਦਾਰਥਾਂ ਤੋਂ ਸ੍ਰੇਸ਼ਟ ਪਦਾਰਥ ਹੈ।

੪. ਹੇ ਨਾਨਕ, ਉਹੀ ਮਨੁੱਖ ਔਖੇ ਸੰਸਾਰ ਸਮੁੰਦਰ ਤੋਂ ਪਾਰ ਲੰਘਦੇ ਹਨ, ਜਿਨ੍ਹਾਂ ਤੇ ਪਰਮਾਤਮਾ ਆਪ ਮਿਹਰ ਦੀ ਨਜ਼ਰ ਕਰਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਥਿਰੁ ਘਰਿ ਬੈਸਹੁ ਹਰਿ ਜਨ (ਅੰਗ-੧੯੯)

੨. ਜਪਿ ਮਨ ਮੇਰੇ ਗੋਵਿੰਦ ਕੀ (ਅੰਗ-੬੮੭)



## ਰਾਗੁ ਗਉੜੀ (ਭੈਰਵ) ਤੀਨ ਤਾਲ

### ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| .ਨ | ਰੁ | ਗ | ਰੁ | ਮ | ਗ | ਪ | ਮ | ਪ | ਮਗ | ਰੁ | ਸ | ਰੁ | .ਨ | ਸ | ਸ |
| ਭ | ਜੁ | ਮ | ਨ | ਮੇ | ऽ | ਰੇ | ऽ | ਏ | ऽऽ | ਕੋ | ऽ | ਨਾ | ऽ | ਮ | ऽ |
| 0 | | | | 3 | | | | x | | | | 2 | | | |
| ਰੁ | .ਨ | ਸ | ਮ | ਮ | ਗ | ਮ | ਰੁ | ਮ | ਗ | ਰੁ | ਮ | ਗ | ਰੁ | ਸ | ਸ |
| ਜੀ | ਅ | ਤੇ | ऽ | ਰੇ | ऽ | ਕੈ | ऽ | ਆ | ऽ | ਵੈ | ऽ | ਕਾ | ऽ | ਮ | ऽ |

### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਪ | ਨ | ਨ | ਸਂ | ਰੁਂ | ਸਂ | ਸਂ | ਸ | ਰੁਂ | ਸਂ | ਰੁਂ | ਨ | ਨ | ਸਂ | ਸਂ |
| ਹ | ਰਿ | ਸਿ | ਮ | ਰ | ਤ | ਤੇ | ਰੀ | ਜਾ | ऽ | ਇ | ਬ | ਲਾ | ऽ | ਇ | ऽ |
| 0 | | | | 3 | | | | x | | | | 2 | | | |
| ਸਂ | ਨ | ਧੁ | ਪ | ਮਗ | ਰੁ | ਸ | ਰੁ | ਮ | ਗ | ਰੁ | ਮ | ਗ | ਰੁ | ਸ | ਸ |
| ਸ | ਰ | ਬ | ਕਲਿ | ਆऽ | ऽ | ਣ | ऽ | ਵ | ਸੈ | ਮ | ਨਿ | ਆ | ऽ | ਇ | ऽ |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. .ਨਸ ਗਮ ਪਧੁ ਪ<br>X | ਮਗ ਰੁਮ ਗਰੁ ਸ<br>2 | | |
| ੨. ਧੁਧੁ ਪਮ ਗਰੁ ਮਗ<br>X | ਮਗ ਰੁਮ ਗਰੁ ਸ<br>2 | | |
| ੩. ਮਪ ਨਨ ਧੁਪ ਮਗ<br>X | ਪਮ ਗਰੁ ਮਗ ਰੁਸ<br>2 | | |
| ੪. ਮਪ ਨਨ ਧੁਪ ਮਪ<br>X | ਪਨ ਸਂਰੁਂ ਨਨ ਸਂ<br>2 | ਸਂਨ ਧੁਪ ਮਗ ਰੁਮ<br>0 | ਗਰੁ ਮਗ ਰੁਸ .ਨਸ<br>3 |

(ਭਜੁ ਮਨ ਮੇਰੇ ਏਕੋ - ਤਿੰਨ ਵਾਰੀ ਦੁਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| 1. ਸਂਨ ਧੁਪ ਧੁਪ ਮਗ<br>X | ਮਪ ਨਨ ਸਂਰੁਂ ਸਂ<br>2 | | |
| ੨. ਸਰੁ ਮਗ ਰੁਮ ਗਰੁ<br>X | ਮਪ ਨਨ ਸਂਰੁਂ ਸਂ<br>2 | | |
| ੩. ਸਂਰੁਂ ਸਂਨ ਧੁਸਂ ਨਧੁ<br>X | ਮਪ ਨਨ ਧੁਪ ਮਪ<br>2 | ਮਗ ਰੁਮ ਗਰੁ ਸਰੁ<br>0 | ਮਗ ਰੁਮ ਗਰੁ ਸ<br>3 |
| ੪. ਸਸ ਰੁਰੁ ਮਮ ਪਪ<br>X | ਮਮ ਪਪ ਨਨ ਸਂ<br>2 | ਸਂਸਂ ਨਨ ਧੁਧੁ ਪਪ<br>0 | ਮਮ ਗਗ ਰੁਰੁ ਸ<br>3 |

(ਹਰਿ ਸਿਮਰਤ ਤੇਰੀ ਜਾਇ - ਤਿੰਨ ਵਾਰੀ ਦੁਗਣ ਵਿੱਚ)

## ਆਸਾ ਮਹਲਾ ੫

**ਜਿਸੁ ਨੀਚ ਕਉ ਕੋਈ ਨਾ ਜਾਨੈ॥**
**ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥**
**ਦਰਸਨੁ ਮਾਗਉ ਦੇਹਿ ਪਿਆਰੇ॥**
**ਤੁਮਰੀ ਸੇਵਾ ਕਉਨ ਕਉਨ ਨ ਤਾਰੇ॥੧॥ਰਹਾਉ॥**
**ਜਾ ਕੈ ਨਿਕਟਿ ਨਾ ਆਵੈ ਕੋਈ॥**
**ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ॥੨॥**
**ਜੋ ਪ੍ਰਾਨੀ ਕਾਹੂ ਨ ਆਵਤ ਕਾਮ॥ ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ॥੩॥**
**ਸਾਧਸੰਗਿ ਮਨ ਸੋਵਤ ਜਾਗੇ॥ ਤਬ ਪ੍ਰਭ ਨਾਨਕ ਮੀਠੇ ਲਾਗੇ॥੪॥੧੨॥੬੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੩੮੬)

(ਅੰਮ੍ਰਿਤ ਕੀਰਤਨ - ੩੫੯)

### ਭਾਵ-ਅਰਥ

੧. ਜਿਸ ਮਨੁੱਖ ਨੂੰ ਨੀਵੀਂ ਜਾਤ ਦਾ ਸਮਝ ਕੇ ਕੋਈ ਜਾਣਦਾ ਪਛਾਣਦਾ ਨਹੀਂ, ਤੇਰਾ ਨਾਮ ਜਪਣ ਦੀ ਬਰਕਤ ਨਾਲ ਸਾਰੇ ਜਗਤ ਵਿੱਚ ਉਸਦਾ ਮਾਣ ਆਦਰ ਹੋਣ ਲੱਗ ਪੈਂਦਾ ਹੈ। ਹੇ ਵਾਹਿਗੁਰੂ ਜੀ ! ਮੈਂ ਤੁਹਾਡਾ ਦਰਸ਼ਨ ਮੰਗਦਾ ਹਾਂ,ਜਿਸ ਜਿਸਨੇ ਤੁਹਾਡੀ ਸੇਵਾ ਭਗਤੀ ਕੀਤੀ, ਉਸਨੂੰ ਤੁਸੀਂ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ। ਰਹਾਉ।

੨. ਜਿਸ ਮਨੁੱਖ ਨੂੰ ਕੰਗਾਲ ਜਾਣ ਕੇ ਕੋਈ ਨੇੜੇ ਨਹੀਂ ਆਉਣ ਦਿੰਦਾ ਸੀ। ਤੇਰੇ ਨਾਮ ਜਪਣ ਦੀ ਬਰਕਤ ਨਾਲ ਸਾਰੀ ਲੁਕਾਈ ਉਸਦੇ ਪੈਰ ਮਲ-ਮਲ ਕੇ ਧੋਣ ਲੱਗ ਪੈਂਦੀ ਹੈ।

੩. ਜਿਹੜਾ ਮਨੁੱਖ ਕਿਸੇ ਦਾ ਕੋਈ ਕੰਮ ਕਰਨ ਜੋਗਾ ਨਹੀਂ ਸੀ, ਗੁਰੂ ਦੀ ਕਿਰਪਾ ਨਾਲ ਉਸ ਨੂੰ ਹਰ ਥਾਂ ਯਾਦ ਕੀਤਾ ਜਾਂਦਾ ਹੈ।

੪. ਹੇ ਮਨ ! ਮਾਇਆ ਦੇ ਮੋਹ ਦੀ ਨੀਂਦ ਵਿੱਚ ਸੁੱਤੇ ਹੋਏ ਲੋਕ ਜਾਗ ਪੈਂਦੇ ਹਨ। ਭਾਵ ਆਤਮਿਕ ਜੀਵਨ ਦੀ ਸੂਝ ਪ੍ਰਾਪਤ ਕਰ ਲੈਂਦੇ ਹਨ। ਉਹਨਾਂ ਨੂੰ ਪ੍ਰਭੂ ਜੀ ਪਿਆਰੇ ਲੱਗਣ ਲੱਗ ਪੈਂਦੇ ਹਨ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਨਾਮੁ ਜਪਹੁ ਮੇਰੇ ਸਾਜਨ (ਅੰਗ-੩੯੩)
੨. ਰਾਜ ਲੀਲਾ ਤੇਰੈ ਨਾਮਿ ਬਨਾਈ (ਅੰਗ-੬੯●)



## ਰਾਗੁ ਆਸਾ (ਤੀਨ ਤਾਲ)

### ਸਥਾਈ

| | | | |
|---|---|---|---|
| **ਰ ਰ ਮ ਮ** | **ਪ ਪ ਧ ਧ** | **ਸਂ ਸਂ ਸਂ ਰਂ** | **ਸ ਨ ਧ ਪ** |
| ਦ ਰ ਸ ਨ | ਮਾ ऽ ਗ ਉ | ਦੇ ऽ ਹਿ ਪਿ | ਆ ऽ ਰੇ ऽ |
| 0 | 3 | x | 2 |
| **ਧ ਧ ਧ ਧ** | **ਪਧ ਸਂ ਧ ਪ** | **ਪ ਪ ਧ ਪ** | **ਮ ਗ ਰ ਸ** |
| ਤੁ ਮ ਰੀ ਸੇ | ਵਾऽ ऽ ਕਉ ਨ | ਕਉ ऽ ਨ ਨ | ਤਾ ऽ ਰੇ ऽ |

### ਅੰਤਰਾ

| | | | |
|---|---|---|---|
| **ਪ ਪ ਪ ਧ** | **ਸਂ ਸਂ ਸਂ ਸਂ** | **ਸਂ ਸਂ ਗਂ ਰਂ** | **ਸਂ ਨ ਧ ਪ** |
| ਜਿ ਸੁ ऽ ਨੀ | ऽ ਚ ਕ ਉ | ਕੋ ऽ ਈ ਨ | ਜਾ ऽ ਨੈ ऽ |
| 0 | 3 | x | 2 |
| **ਧ ਧ ਧ ਧ** | **ਪਧ ਸਂ ਧ ਪ** | **ਪ ਪ ਧ ਪ** | **ਮ ਗ ਰ ਸ** |
| ਨਾ ऽ ਮੁ ਜ | ਪऽ ਤ ਉ ਹੁ | ਚ ਹੁ ਕੁੰ ਟ | ਮਾ ऽ ਨੈ ऽ |

### ਸਥਾਈ ਦੀਆਂ ਤਾਨਾਂ

| | | |
|---|---|---|
| ੧. ਸਰ ਮਪ ਧ ਸਂ<br>X | ਨਧ ਪਮ ਗਰ ਸ<br>2 | |
| ੨. ਪਧ ਸਂਨ ਧ ਪ<br>X | ਪਧ ਪਮ ਗਰ ਸ<br>2 | |
| ੩. ਸਰ ਮਪ ਧਸਂ ਨਧ<br>X | ਸਂਨ ਧਪ ਮਗ ਰਸ<br>2 | |
| ੪. ਪਧ ਸਂਰਂ ਗਂਰਂ ਸਂ<br>X | ਸਂਰਂ ਸਂਨ ਧਧ ਪ<br>2 | ਪਧ ਪਮ ਗਰ ਸ<br>0 |

(ਦਰਸਨ ਮਾਗਉ - ਇੱਕ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਮਪ ਧਸਂ ਨਧ ਪ<br>X | ਰਮ ਪਧ ਸਂ ਸਂ<br>2 | | |
| ੨. ਸਰ ਸਰ ਮਰ ਮਪ<br>0 | ਮਪ ਧਪ ਧਸਂ ਧਸਂ<br>3 | ਰਂਸਂ ਸਂਰਂ ਗਂਰਂ ਸਂਨ<br>X | ਧਪ ਮਗ ਰਗ ਰਸ<br>2 |
| ੩. ਸ- ਰਸ ਰ- ਮਰ<br>0 | ਮ- ਪਮ ਪ- ਧਪ<br>3 | ਪ- ਧਪ ਮਗ ਰ<br>X | ਪਮ ਗਰ ਸ ਸ<br>2 |
| ੪. ਪਧ ਸਂਰਂ ਮਂਗਂ ਰਂਸਂ<br>X | ਸਂਰਂ ਸਂਨ ਧਧ ਪ<br>2 | ਪਧ ਸਂਨ ਧਧ ਪ<br>0 | ਪਧ ਪਮ ਗਰ ਸ<br>3 |

( ਜਿਸੁ ਨੀਚ ਕਉ ਕੋਈ ਨ - ਤਿੰਨ ਵਾਰੀ ਦੁੱਗਣ ਵਿੱਚ)

## ਗੂਜਰੀ ਮਹਲਾ ੫

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤੁ ਨਾ ਪਾਰੋ॥੧॥
ਪੂਤਾ ਮਾਤਾ ਕੀ ਆਸੀਸ॥
ਨਿਮਖ ਨਾ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥੧॥ਰਹਾਉ॥
ਸਤਿਗੁਰੁ ਤੁਮ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨ ਨੀਤਿ॥੨॥
ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨਾ ਬਿਆਪੈ ਚਿੰਤਾ॥੩॥
ਭਵਰੁ ਤੁਮਾਰਾ ਇਹੁ ਮਨੁ ਹੋਵਹੁ ਹਰਿ ਚਰਣਾ ਹੋਹੁ ਕਉਲਾ॥
ਨਾਨਕ ਦਾਸੁ ਉਨਿ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕ ਮਉਲਾ॥੪॥੩॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੯੬)

(ਅੰਮ੍ਰਿਤ ਕੀਰਤਨ - ੮੫੧)

### ਭਾਵ-ਅਰਥ

੧. ਹੇ ਪੁੱਤਰ ਜੀ! ਜਿਸ ਪਰਮਾਤਮਾ ਦਾ ਨਾਮ ਸਿਮਰਦਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ, ਸਿਮਰਨ ਵਾਲੇ ਦੇ ਪਿਤਰਾਂ ਦਾ ਵੀ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ। ਜਿਸ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਤੂੰ ਸਦਾ ਹੀ ਉਸਦਾ ਨਾਮ ਜਪਦਾ ਰਹੁ। ਹੇ ਪੁੱਤਰ ਤੁਹਾਨੂੰ ਮਾਤਾ ਦੀ ਇਹੀ ਅਸੀਸ ਹੈ ਕਿ ਤੁਹਾਨੂੰ ਪਰਮਾਤਮਾ ਅੱਖ ਝਮਕਣ ਜਿੰਨੇ ਸਮੇਂ ਲਈ ਵੀ ਨਾ ਭੁੱਲੇ। ਰਹਾਉ।

੨. ਸਤਿਗੁਰੂ ਤੁਹਾਡੇ ਤੇ ਦਇਆਲ ਰਹਿਣ ਤੇ ਸੰਤਾਂ ਸੰਗ ਤੁਹਾਡੀ ਪ੍ਰੀਤ ਬਣੀ ਰਹੇ, ਪ੍ਰਮਾਤਮਾ ਤੁਹਾਡੀ ਇੱਜ਼ਤ ਦਾ ਰਖਵਾਲਾ ਹੋਵੇ,ਪ੍ਰਮਾਤਮਾ ਦੀ ਸਿਫਤ-ਸਲਾਹ (ਕੀਰਤਨ) ਖੁਰਾਕਬਣੀ ਰਹੇ।

੩. ਤੁਸੀਂ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਸਦਾ ਹੀ ਪੀਂਦੇ ਰਹੋ ਤੇ ਤੁਹਾਡਾ ਸਦਾ ਹੀ ਉੱਚਾ ਆਤਮਕ ਜੀਵਨ ਬਣਿਆ ਰਹੇ। ਸਿਮਰਨ ਨਾਲ ਆਸਾਂ ਪੂਰੀਆਂ ਹੁੰਦੀਆਂ ਹਨ ਤੇ ਚਿੰਤਾ ਕਦੇ ਆਪਣਾ ਜੋਰ ਨਹੀਂ ਪਾ ਸਕਦੀ।

੪. ਤੇਰਾ ਇਹ ਮਨ ਪਰਮਾਤਮਾ ਦੇ ਚਰਨਾਂ ਦਾ ਭੌਰਾ ਬਣਿਆ ਰਹੇ ਅਤੇ ਉਸ ਪਰਮਾਤਮਾ ਦੇ ਚਰਨਾਂ ਦੇ ਨਾਲ ਇਉਂ ਲਿਪਟਿਆ ਰਹੇ ਤੇ ਖੇੜੇ ਵਿੱਚ ਰਹੇ, ਜਿਵੇਂ ਪਪੀਹਾ ਵਰਖਾ ਦੀ ਬੂੰਦ ਪੀ ਕੇ ਖੇੜੇ ਵਿੱਚ ਰਹਿੰਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਠਾਕੁਰ ਤੁਝ ਬਿਨੁ ਬੀਆ ਨ (ਅੰਗ-੭੬)
੨. ਰਾਮ ਮੋਕਉ ਹਰਿ ਜਨ ਮੇਲਿ (ਅੰਗ-੭੭)



## ਰਾਗੁ ਗੂਜਰੀ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸੰ | ਸੰ | ਨ | ਧੁ | ਮ॑ | ਗੁ | ਮ॑ | ਗੁਮ॑ | ਧੁ | ਧੁ | ਧੁ | ਧੁ | ਨ | - | ਸੰ | - |
| ਪੂ | ऽ | ਤਾ | ऽ | ਮਾ | ऽ | ਤਾ | ऽऽ | ਕੀ | ऽ | ऽ | ਆ | ਸੀ | ऽ | ਸ | ऽ |
| 0 | | | | 3 | | | | x | | | | 2 | | | |
| ਸੰ | ਨ | ਧੁ | ਮ॑ | ਗੁ | ਮ॑ | ਧੁ | ਧੁ | ਮ॑ | ਧੁ | ਮ॑ | ਗੁ | ਰੁ | ਰੁ | ਸ | ਸ |
| ਨਿ | ਮ | ਖ | ਨ | ਬਿ | ਸ | ਰ | ਉ | ਤੁ | ਮ | ਕਉ | ऽ | ਹ | ਰਿ | ਹ | ਰਿ |
| ਸੰ | ਸੰ | ਨ | ਧੁ | ਮ॑ | ਗੁ | ਮ॑ | ਗੁਮ॑ | ਧੁ | ਧੁ | ਧੁ | ਧੁ | ਨ | - | ਸੰ | - |
| ਸ | ऽ | ਦਾ | ਭ | ਜ | ਹੁ | ऽ | ऽऽ | ਜ | ऽ | ਗ | ऽ | ਦੀ | ऽ | ਸ | ऽ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ॑ | ਮ॑ | ਮ॑ | ਮ॑ | ਧੁ | ਧੁ | ਮ॑ | ਧੁ | ਸੰ | ਸੰ | ਸੰ | ਸੰ | ਨ | ਨ | ਸੰ | ਸੰ |
| ਜਿ | ਸ | ਸਿ | ਮ | ਰ | ਤ | ਸ | ਭ | ਕਿ | ਲ | ਵਿ | ਖ | ਨਾ | ऽ | ਸ | ਹਿ |
| 0 | | | | 3 | | | | x | | | | 2 | | | |
| ਸੰ | ਰੁੰ | ਗੁੰ | ਰੁੰ | ਸੰ | ਨ | ਧੁ | ਧੁ | ਸੰ | ਨ | ਧੁ | ਮ॑ | ਗੁ | ਮ॑ | ਧੁ | - |
| ਪਿ | ਤ | ਰੀ | ऽ | ਹੋ | ऽ | ਇ | ऽ | ਉ | ऽ | ऽ | ऽ | ਧਾ | ऽ | ਰੋ | ऽ |
| ਧੁ | ਧੁ | ਧੁ | ਧੁ | ਮ॑ | ਧੁ | ਮ॑ | ਮ॑ | ਰੁ | ਰੁ | ਗੁ | ਗੁ | ਰੁ | ਰੁ | ਸ | ਸ |
| ਸੋ | ऽ | ਹ | ਰਿ | ਹ | ਰਿ | ਤੁ | ਮ | ਸ | ਦ | ਹੀ | ऽ | ਜਾ | ऽ | ਪ | ਹੁ |

( ਜਾ ਕਾ ਅੰਤੁ ਨ ਪਾਰੋ..... ਤੀਜੀ ਲਾਈਨ ਅਨੁਸਾਰ)

### ਸਥਾਈ ਦੀਆਂ ਤਾਨਾਂ

| | | | | |
|---|---|---|---|---|
| ੧. | ਸਰੁ ਗੁਮ॑ ਧੁ ਧੁ (X) | ਮ॑ਧੁ ਮ॑ਗੁ ਰੁਗੁ ਸ (2) | | |
| ੨. | ਮ॑ਧੁ ਨਸੰ ਨਨ ਧੁ (X) | ਮ॑ਧੁ ਮ॑ਗੁ ਰੁਗੁ ਸ (2) | | |
| ੩. | ਗੁਮ॑ ਧੁਧੁ ਮ॑ਧੁ ਨਨ (X) | ਧੁਨ ਸੰਸੰ ਰੁੰਗੁੰ ਰੁੰਸੰ (2) | ਰੁੰਗੁੰ ਰੁੰਸੰ ਨਨ ਧੁ (0) | ਮ॑ਧੁ ਮ॑ਗੁ ਰੁਗੁ ਸ (3) |

( ਪੂਤਾ ਮਾਤਾ ਕੀ - ਤਿੰਨ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਮ॑ਧੁ ਨਸੰ ਰੁੰਗੁੰ ਰੁੰਸੰ (x) | ਸੰਨ ਧੁਮ॑ ਧੁਨ ਸੰ (2) | | |
| ੨. | ਮ॑ਧੁ ਮ॑ਧੁ ਨਨ ਧੁਨ (0) | ਧੁਨ ਸੰਸੰ ਸੰਰੁੰ ਸੰਰੁੰ (3) | ਗੁੰਗੁੰ ਰੁੰਰੁੰ ਗੁੰਗੁੰ ਰੁੰਸੰ (x) | ਮ॑ਮ॑ ਧੁਧੁ ਨਨ ਸੰ (2) |
| ੩. | ਰੁਰੁ ਗੁ ਰੁਰੁ ਸ (x) | ਮ॑ਮ॑ ਗੁਗੁ ਰੁਰੁ ਸ (2) | ਧੁਧੁ ਮ॑ਮ॑ ਗੁਗੁ ਰੁਰੁ (0) | ਸੰਸੰ ਨਨ ਧੁਧੁ ਮ॑ਮ॑ (3) |
| | ਗੁਗੁ ਰੁਰੁ ਸ ਸ | | | |

(ਜਿਸੁ ਸਿਮਰਤ ਸਭਿ - ਤਿੰਨ ਵਾਰੀ ਦੁੱਗਣ ਵਿੱਚ)

## ਦੇਵ ਗੰਧਾਰੀ ਮਹਲਾ ੫

**ਪ੍ਰਭ ਇਹੈ ਮਨੋਰਥੁ ਮੇਰਾ॥**
**ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ॥ ਰਹਾਉ॥**
**ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ॥**
**ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ॥੧॥**
**ਸਾਸਿ ਸਾਸਿ ਸਿਮਰਉ ਪ੍ਰਭ ਅਪੁਨਾ ਸੰਤਸੰਗਿ ਨਿਤ ਰਹੀਐ॥**
**ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ॥੨॥੨੯॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੩੩)

**(ਅੰਮ੍ਰਿਤ ਕੀਰਤਨ - ੬੭)**

### ਭਾਵ-ਅਰਥ

ਹੇ ਦਇਆਲ ਪ੍ਰਭੂ ਜੀ! ਮੇਰੀ ਮਨ ਦੀ ਇਹੀ ਇੱਛਾ ਹੈ ਕਿ ਮੈਨੂੰ ਨਾਮ ਰੂਪੀ ਦਾਨ ਦੇਹ ਤਾਂ ਜੋ ਮੈਂ ਆਪ ਜੀ ਦੇ ਸੰਤ ਜਨਾਂ ਦਾ ਸੇਵਕ ਬਣਿਆ ਰਹਾਂ। ਰਹਾਉ।

੧. ਸਵੇਰੇ ਉੱਠ ਕੇ ਸੰਤ ਜਨਾਂ ਦੇ ਚਰਨੀਂ ਲੱਗਾਂ। ਦਿਨ ਰਾਤ ਮੈਂ ਤੇਰੇ ਸੰਤ ਜਨਾ ਦਾ ਦਰਸਨ ਕਰਦਾ ਰਹਾਂ। ਆਪਣਾ ਸਰੀਰ, ਆਪਣਾ ਮਨ ਭੇਂਟ ਕਰਕੇ, ਸੰਤਾਂ ਦੀ ਸੇਵਾ ਕਰਾਂ ਤੇ ਹਰੀ-ਗੁਣ ਗਾਉਂਦਾ ਰਹਾਂ।

੨. ਮੈਂ ਹਰੇਕ ਸਵਾਸ ਦੇ ਨਾਲ ਆਪਣੇ ਪ੍ਰਭੂ ਦਾ ਸਿਮਰਨ ਕਰਦਾ ਰਹਾਂ ਅਤੇ ਸੰਤਾਂ ਦੀ ਸੰਗਤ ਵਿੱਚ ਰਹਿ ਕੇ ਸਿਰਫ ਪਰਮਾਤਮਾ ਦੇ ਨਾਮ ਧਨ ਤੋਂ ਹੀ ਜੀਵਨ ਦਾ ਆਨੰਦ ਪ੍ਰਾਪਤ ਕਰ ਸਕਾਂ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ (ਅੰਗ-੧੨੪)
੨. ਮੇਰੋ ਸੁੰਦਰ ਕਹਹੁ ਮਿਲੈ ਕਿਤੁ (ਅੰਗ-੫੫੨)



## ਰਾਗੁ ਦੇਵ ਗੰਧਾਰੀ (ਤੀਨ ਤਾਲ)

ਸਥਾਈ

| | | | |
|---|---|---|---|
| ਪਧੁ ਨੁ ਧੁ ਪ | ਮ ਗ ਸ ਰ | ਮ ਮ ਮ ਮ | ਪਧੁ ਨੁ ਧੁ ਪ |
| ਪ੍ਰS S ਭ S | ਇ S ਹੈ ਮ | ਨੋ S ਰ ਥੁ | ਮੇS S ਰਾ S |
| 0 | 3 | x | 2 |
| ਮ ਗ ਸ ਰ | ਮ ਮ ਮ ਮ | ਗ ਸ ਰ ਗ | ਗ ਗ ਸ ਸ |
| ਕ੍ਰਿ ਪਾ S ਨਿ | ਧਾ S ਨ ਦਇ | ਆ ਲ ਮੋ ਹਿ | ਦੀ S ਜੈ S |
| ਪਧ ਸਂਰਂ ਗਂ ਸਂ | ਨ ਧੁ ਪ ਪ | ਮ ਗ ਸ ਰ | ਮ ਮ ਮ ਮ |
| ਕS ਰਿS ਸੰ S | ਤ ਨ ਕਾ S | ਚੇ S S S | ਰਾ S S S |

ਅੰਤਰਾ

| | | | |
|---|---|---|---|
| ਮ - ਪ ਧ | ਸਂ ਸਂ ਸਂ ਸਂ | ਸਂ ਰਂ ਗਂ ਸਂ | ਨ ਧੁ ਪ ਮ |
| ਪ੍ਰਾ S ਤ ਹ | ਕਾ S ਲ S | ਲਾ ਗਉ ਜ ਨ | ਚ ਰ ਨੀ S |
| 0 | 3 | x | 2 |
| ਸਂ ਰਂ ਗਂ ਸਂ | ਨ ਨ ਧੁ ਪ | ਮ ਗ ਸ ਰ | ਮ ਮ ਮ - |
| ਨਿ ਸ ਬਾ S | ਸੁ ਰ ਦਰ ਸੁ | ਪਾ S S S | ਵ ਉ S S |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਸਰ ਮਪ ਧਂ ਸਂ | ਸਂਨ ਧਪ ਮਗ ਰਸ | | |
| X | 2 | | |
| ੨. ਪਧੁ ਨੁਨੁ ਧੁਧੁ ਪ | ਮਗ ਸਰ ਮ ਮ | | |
| X | 2 | | |
| ੩. ਸਰ ਮਗ ਰਗ ਸ | ਪਧੁ ਨੁਨੁ ਧੁਧੁ ਪ | ਮਗ ਸਰ ਮ ਮ | ਮਗ ਰਗ ਸ ਸ |
| X | 2 | 0 | 3 |

( ਪ੍ਰਭ ਇਹੈ ਮਨੋਰਥ - ਤਿੰਨ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਸਂਰਂ ਗਂਮਂ ਗਂਰਂ ਸਂ | ਸਂਰਂ ਸਂਨ ਧਧ ਪ | ਪਧ ਸਂਰਂ ਗਂਰਂ ਸਂਨ | ਧੁਪ ਮਗ ਰਗ ਰਸ |
| 0 | 3 | x | 2 |
| ੨. ਪ- ਧੁਪ ਧੁ- ਸਂਧ | ਸਂ- ਰਂਸਂ ਰਂਗਂ ਰਂਸਂ | ਸਂਰਂ ਸਂਨ ਧਧ ਪ | ਮਗ ਰਗ ਰਰ ਸ |
| 0 | 3 | x | 2 |
| ੩. ਮਗ ਰਗ ਸ ਸ | ਨੁਧੁ ਪਧੁ ਪ ਪ | ਸਂਨ ਧਨ ਧ ਧ | ਸਂਰਂ ਗਂਰਂ ਸਂ ਸਂ |
| ਸਂਰਂ ਸਂਨ ਧੁ ਪ | ਮਗ ਰਗ ਸ ਸ | | |
| 0 | 3 | x | 2 |

( ਪ੍ਰਾਤਹਕਾਲ ਲਾਗਉ ਜਨ - ਤਿੰਨ ਵਾਰੀ ਦੁੱਗਣ ਵਿੱਚ)

## ਬਿਹਾਗੜਾ ਮਹਲਾ ੫ ਛੰਤ

**ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥**
**ਪਾਲਹਿ ਅਕ੍ਰਿਤਘਨਾ ਪੂਰਨ ਦ੍ਰਿਸ਼ਟਿ ਤੇਰੀ ਰਾਮ॥੧॥**
**ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ॥**
**ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ॥੨॥**
**ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ॥**
**ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ॥੩॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੪੭)

(ਅੰਮ੍ਰਿਤ ਕੀਰਤਨ - ੮●)

### ਭਾਵ-ਅਰਥ

੧. ਹੇ ਪ੍ਰਮਾਤਮਾ! ਤੂੰ ਵੱਡੀ ਤਾਕਤ ਵਾਲਾ ਹੈ, ਮੇਰੀ ਅਕਲ ਨਿੱਕੀ ਜਿਹੀ ਹੈ। ਤੂੰ ਨਾ ਸ਼ੁਕਰਿਆਂ ਦੀ ਵੀ ਪਾਲਣਾ ਕਰਦਾ ਹੈਂ, ਕਿਉਂਕਿ ਤੇਰੀ ਸਮ-ਦ੍ਰਿਸ਼ਟੀ ਹੈ।

੨. ਹੇ ਪ੍ਰਭੂ! ਤੂੰ ਜੀਵਾਂ ਦੀ ਸਮਝ ਤੋਂ ਬਾਹਰ ਹੈਂ, ਤੂੰ ਅਥਾਹ ਹੈਂ, ਮੈਂ ਬੇਸਮਝ ਤੇਰੇ ਬਾਰੇ ਕੁਝ ਵੀ ਨੀ ਜਾਣ ਸਕਦਾ। ਤੇਰਾ ਕੀਮਤੀ ਨਾਮ ਛੱਡ ਕੇ ਮੈਂ ਕੌਡੀਆਂ ਇਕੱਠੀਆਂ ਕਰਦਾ ਰਹਿੰਦਾ ਹਾਂ। ਇਹ ਮੇਰੀ ਪਸ਼ੂ ਬਿਰਤੀ ਹੈ।

੩. ਮੈਂ ਪਾਪ ਕਰ ਕੇ ਉਸ ਮਾਇਆ ਨੂੰ ਜੋੜਦਾ ਰਿਹਾ ਹਾਂ, ਜਿਹੜੀ ਕਦੇ ਟਿਕ ਕੇ ਨਹੀਂ ਬੈਠਦੀ। ਨਾਨਕ ਜੀ ਕਹਿੰਦੇ ਹਨ, ਹੇ ਸਭ ਤਾਕਤਾਂ ਦੇ ਮਾਲਕ! ਮੈਂ ਤੇਰੀ ਸ਼ਰਣਿ ਆਇਆ ਹਾਂ, ਮੇਰੀ ਲਾਜ ਰੱਖ ਲੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਹਰਿ ਕੀ ਗਤਿ ਨਹਿ ਕੋਊ ਜਾਨੈ (ਅੰਗ-੧੪੩)
੨. ਸੋ ਦਿਨੁ ਸਫਲੁ ਗਣਿਆ (ਅੰਗ-੨੩੩)



## ਰਾਗੁ ਬਿਹਾਗੜਾ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **.ਨ** | **ਸ** | **ਗ** | **ਮ** | **ਪ** | **ਧ** | **ਪ** | **ਮ** | **ਗ** | **ਗ** | **ਗ** | **ਮ** | **ਗ** | **ਰ** | **ਸ** | **–** |
| ਤੂ | ऽ | ਸ | ਮ | ਰ | ऽ | ਥ | ਵ | ਡਾ | ऽ | ऽ | ऽ | ऽ | ऽ | ऽ | ऽ |
| 0 | | | | 3 | | | | x | | | | 2 | | | |
| **.ਨ** | **ਸ** | **ਗ** | **ਮ** | **ਪ** | **ਧ** | **ਨੁ** | **ਧ** | **ਪ** | **ਪਧ** | **ਪ** | **ਗਮੁ** | **ਗ** | **ਰ** | **ਸ** | **ਸ** |
| ਮੇ | ਰੀ | ਮ | ਤਿ | ਥੋ | ऽ | ਰੀ | ऽ | ऽ | ਰਾऽ | ऽ | ऽऽ | ਮ | ऽ | ऽ | ऽ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਪ** | **ਪ** | **ਨ** | **ਨ** | **ਸਂ** | **ਸਂ** | **ਸਂ** | **ਸਂ** | **ਗਂ** | **ਗਂ** | **ਗਂ** | **ਮਂ** | **ਗਂ** | **ਰਂ** | **ਸਂ** | **–** |
| ਪਾ | ऽ | ਲਹਿ | ਅ | ਕ੍ਰਿ | ਰ | ਤ | ਘ | ਨਾ | ऽ | ऽ | ऽ | ऽ | ऽ | ऽ | ऽ |
| 0 | | | | 3 | | | | x | | | | 2 | | | |
| **ਪ** | **ਰਂ** | **ਸਂ** | **ਨ** | **ਪ** | **ਧ** | **ਨੁ** | **ਧ** | **ਪ** | **ਪਧ** | **ਪ** | **ਗਮ** | **ਗ** | **ਰ** | **ਸ** | **–** |
| ਪੂ | ਰਨ | ਦ੍ਰਿਸ | ਟਿ | ਤੇ | ऽ | ਰੀ | ऽ | ऽ | ਰਾऽ | ऽ | ऽऽ | ਮ | ऽ | ऽ | ऽ |

### ਸਥਾਈ ਦੀਆਂ ਤਾਨਾਂ

| | | |
|---|---|---|
| ੧. | .ਨਸ ਗਮ ਪਧ ਪਮ | ਗਗ ਮਮ ਗਰ ਸ |
| | X | 2 |
| ੨. | ਪਧ ਨੁਨੁ ਧਧ ਪ | ਪਧ ਪਮ ਗਰ ਸ |
| | X | 2 |
| ੩. | ਗਮ ਪਨ ਸਂ ਸਂ | ਧਨੁ ਧਪ ਮਗ ਰਸ |
| | X | 2 |

### ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਪਨ ਸਂਗਂ ਰਂਸਂ ਨਸਂ | ਨੁਨੁ ਧਪ ਮਗ ਰਸ | | |
| | X | 2 | | |
| ੨. | ਗਮ ਪਨ ਸਂ ਸਂ | ਨਸਂ ਨੁਧ ਪਮ ਪ | ਗਮ ਪਮ ਗਰ ਸ | |
| | x | 2 | 0 (ਪਾਲਹਿ ਅਕ੍ਰਿਤਘਣਾ | - ਇੱਕ ਵਾਰੀ ਦੁੱਗਣ ਵਿੱਚ) |
| ੩. | ਪਪ ਨਨ ਸਂ ਸਂ | ਗਂ ਗਂਮਂ ਗਂਰਂ ਸਂ | ਸਂਰਂ ਸਂਨ ਧਧ ਪ | ਗ ਗਮ ਗਰ ਸ |
| | x | 2 | 0 | 3 |

(ਪਾਲਹਿ ਅਕ੍ਰਿਤਘਣਾ - ਤਿੰਨ ਵਾਰੀ ਦੁੱਗਣ ਵਿੱਚ)

## ਵਡਹੰਸ ਮਹਲਾ ੫

**ਅੰਤਰਜਾਮੀ ਸੋ ਪ੍ਰਭੁ ਪੂਰਾ॥ਦਾਨੁ ਦੇਇ ਸਾਧੂ ਕੀ ਧੂਰਾ॥੧॥**

**ਕਰਿ ਕਿਰਪਾ ਪ੍ਰਭ ਦੀਨ ਦਇਆਲਾ॥ ਤੇਰੀ ਓਟ ਪੂਰਨ ਗੋਪਾਲਾ॥੧॥ਰਹਾਉ॥**

**ਜਲਿ ਥਲਿ ਮਹੀਅਲਿ ਰਹਿਆ ਭਰਪੂਰੇ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ॥੨॥**

**ਜਿਸ ਨੋ ਨਦਰਿ ਕਰੇ ਸੋ ਧਿਆਏ॥ ਆਠ ਪਹਰ ਹਰਿ ਕੇ ਗੁਣ ਗਾਏ॥੩॥**

**ਜੀਅ ਜੰਤ ਸਗਲੇ ਪ੍ਰਤਿਪਾਰੇ॥ ਸਰਨਿ ਪਰਿਓ ਨਾਨਕ ਹਰਿ ਦੁਆਰੇ॥੪॥੪॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੬੩)

(ਅੰਮ੍ਰਿਤ ਕੀਰਤਨ - ੧੬੪)

### ਭਾਵ-ਅਰਥ

੧. ਉਹ ਪ੍ਰਭੂ ਸਭ ਦੇ ਦਿਲਾਂ ਦੀਆਂ ਜਾਨਣ ਵਾਲਾ ਹੈ, ਉਹ ਸਾਰੇ ਗੁਣਾਂ ਨਾਲ ਭਰਪੂਰ ਹੈ। ਜਿਸ ਉਤੇ ਉਹ ਮਿਹਰ ਕਰਦਾ ਹੈ, ਉਸ ਨੂੰ ਗੁਰੂ ਦੇ ਚਰਨਾਂ ਦੀ ਧੂੜ ਬਖਸ਼ਿਸ਼ ਵਜੋਂ ਦਿੰਦਾ ਹੈ। ਹੇ ਜੀਆਂ ਉਤੇ ਦਇਆ ਕਰਨ ਵਾਲੇ ਪ੍ਰਭੂ! ਮੇਰੇ ਉਤੇ ਵੀ ਕਿਰਪਾ ਕਰੋ, ਮੈਨੂੰ ਗੁਰੂ ਦੇ ਚਰਨਾਂ ਦੀ ਧੂੜ ਬਖਸ਼ੋ। ਹੇ ਸ੍ਰਿਸ਼ਟੀ-ਪਾਲਕ ਮੈਨੂੰ ਤੇਰਾ ਹੀ ਆਸਰਾ ਹੈ। ਰਹਾਉ।

੨. ਅਕਾਲ ਪੁਰਖ ਧਰਤੀ ਵਿੱਚ, ਪਾਣੀ ਵਿੱਚ, ਅਕਾਸ਼ ਵਿੱਚ, ਹਰ ਥਾਂ ਜਰ੍ਹੇ-ਜਰ੍ਹੇ ਵਿੱਚ ਮੌਜੂਦ ਹੈ। ਉਹ ਹਰੇਕ ਜੀਵ ਦੇ ਨੇੜੇ ਵੱਸਦਾ ਹੈ, ਕਿਸੇ ਤੋਂ ਦੂਰ ਨਹੀਂ ਹੈ।

੩. ਜਿਸ ਮਨੁੱਖ ਤੇ ਪ੍ਰਭੂ ਮਿਹਰ ਕਰਦਾ ਹੈ, ਉਹੀ ਮਨੁੱਖ ਉਸਦਾ ਸਿਮਰਨ ਕਰਦਾ ਰਹਿੰਦਾ ਹੈ। ਉਹ ਮਨੁੱਖ ਹਰ ਵੇਲੇ ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ।

੪. ਪਰਮਾਤਮਾ ਸਾਰੇ ਹੀ ਜੀਵਾਂ ਦੀ ਪਾਲਣਾ ਕਰਦਾ ਹੈ। ਹੇ ਨਾਨਕ! ਉਸ ਪ੍ਰਭੂ ਅੱਗੇ ਅਰਦਾਸ ਕਰਿਆ ਕਰ ਤੇ ਆਖਿਆ ਕਰ - ਹੇ ਹਰੀ! ਮੈਂ ਤੇਰੇ ਦਰ ਤੇ ਆਇਆ ਹਾਂ ਮੈਂ ਤੇਰੀ ਸ਼ਰਨ ਪਿਆ ਹਾਂ। ਮੇਰੇ ਤੇ ਕਿਰਪਾ ਕਰੋ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਤੂ ਬੇਅੰਤੁ ਕੋ ਵਿਰਲਾ ਜਾਣੈ (ਅੰਗ-੭●)

੨. ਵਿਸਰੁ ਨਾਹੀ ਪ੍ਰਭ ਦੀਨ (ਅੰਗ-੭੯)



## ਰਾਗੁ ਵਡਹੰਸ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਰ** | **ਮ** | **ਗ** | **ਰ** | **ਸ** | **-** | **.ਨ** | **.ਨ** | **.ਪ** | **-** | **.ਨ** | **.ਨ** | **ਸ** | **ਸ** | **ਰ** | **ਰ** |
| ਕ | ਰਿ | ਕਿ | ਰ | ਪਾ | s | ਪ੍ਰ | ਭ | ਦੀ | s | ਨ | ਦਇ | ਆ | ਲਾ | ਤੇ | ਰੀ |
| 0 | | | | 3 | | | | x | | | | 2 | | | |
| **ਪ** | **ਪ** | **ਮ** | **ਮ** | **ਗ** | **ਰ** | **ਸ** | **ਰ** | **.ਨ** | **-** | **ਸ** | **-** | **-** | **-** | **-** | **-** |
| ਓ | s | ਟ | ਪੂ | ਰ | ਨ | ਗੋ | s | ਪਾ | s | ਲਾ | s | s | s | s | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਮ** | **-** | **ਮ** | **ਗ** | **ਪ** | **ਪ** | **ਪ** | **ਪ** | **ਪ** | **ਨੁ** | **ਧ** | **ਨੁ** | **ਪ** | **ਧ** | **ਪ** | **-** |
| ਅੰ | s | ਤ | ਰ | ਜਾ | s | ਮੀ | s | ਸੋ | s | ਪ੍ਰ | ਭ | ਪੂ | s | ਰਾ | s |
| 0 | | | | 3 | | | | x | | | | 2 | | | |
| **ਪ** | **ਧ** | **ਪ** | **ਮ** | **ਮ** | **ਮ** | **ਮ** | **ਮ** | **ਮ** | **ਪ** | **ਮ** | **ਮ** | **ਗ** | **-** | **ਰ** | **ਰ** |
| ਦਾ | s | s | ਨੁ | ਦੇ | s | ਇ | s | ਸਾ | s | ਧੂ | ਕੀ | ਧੂ | s | ਰਾ | s |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਸਰ ਮਪ ਧਨੁ ਪ<br>X | ਪਧ ਮਗ ਰਗ ਸ<br>2 | | |
| ੨. ਮਪ ਨੁਪ ਧਮ ਗਰ<br>X | ਮਗ ਰਸ .ਨ ਸ<br>2 | | |
| ੩. ਮਪ ਨਸਂ ਰਂਸਂ ਨਸਂ<br>X | ਰਂਮਂ ਗਂਰਂ ਸਂਨ ਸਂ<br>2 | ਸਂਰਂ ਸਂਨੁ ਧਮ ਪ<br>0 | ਰਮ ਗਰ ਸ.ਨ ਸ<br>3 |

( ਕਰਿ ਕਿਰਪਾ ਪ੍ਰਭੁ ਦੀਨ - ਤਿੰਨ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਮਪ ਨੁਧ ਨੁਮ ਪ<br>X | ਪਧ ਮਗ ਰਗ ਸ<br>2 | | |
| ੨. ਸਰ ਮਪ ਨਨ ਸਂ<br>X | ਸਂਰਂ ਨੁਧ ਪਮ ਪ<br>2 | | |
| ੩. ਪਨ ਸਂਰਂ ਨਸਂ ਰਂਸਂ<br>0 | ਰਂਮਂ ਗਂਰਂ ਸਂਨ ਸਂ<br>3 | ਸਂਰਂ ਸਂਨੁ ਧਧ ਪ<br>x | ਪਧ ਮਗ ਰਗ ਸ<br>2 |

## ਸੋਰਠਿ ਮਹਲਾ ੫

**ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥**
**ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥੧॥**
**ਸੰਤਹੁ ਸੁਖੁ ਹੋਆ ਸਭ ਥਾਈ॥**
**ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ॥ ਰਹਾਉ॥**
**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**
**ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥੨॥੩੩॥੭੭॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੨੭)

**(ਅੰਮ੍ਰਿਤ ਕੀਰਤਨ - ੬੯੪)**

**ਭਾਵ-ਅਰਥ**

੧. ਪ੍ਰਮੇਸ਼ਰ ਨੇ ਵਿਕਾਰਾਂ ਦੇ ਰਾਹ ਵਿੱਚ ਰੁਕਾਵਟ ਪਾ ਦਿੱਤੀ, ਮਨੁੱਖ ਦੇ ਅੰਦਰੋਂ ਉਸਨੇ ਦੁੱਖਾਂ ਤੇ ਰੋਗਾਂ ਦਾ ਡੇਰਾ ਹੀ ਮੁਕਾ ਦਿੱਤਾ। ਜਿਨ੍ਹਾਂ ਜੀਵਾਂ ਤੇ ਪਰਮਾਤਮਾ ਨੇ ਇਹ ਕਿਰਪਾ ਕਰ ਦਿੱਤੀ, ਉਹ ਸਾਰੇ ਜੀਵ ਆਤਮਕ ਆਨੰਦ ਮਾਣਦੇ ਹਨ। ਜਿਸ ਮਨੁੱਖ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਪਾਰਬ੍ਰਹਮ ਪੂਰਨ ਪਰਮੇਸਰ, ਸਭ ਥਾਵਾਂ ਤੇ ਮੌਜੂਦ ਹੈ, ਉਸ ਮਨੁੱਖ ਨੂੰ ਸਭ ਥਾਵਾਂ ਤੇ ਸੁੱਖ ਹੀ ਪ੍ਰਤੀਤ ਹੁੰਦਾ ਹੈ। ਰਹਾਉ।

੨. ਪਰਮਾਤਮਾ ਦੀ ਸਿਫਤ-ਸਲਾਹ ਦੀ ਬਾਣੀ ਜਿਸ ਮਨੁੱਖ ਦੇ ਅੰਦਰ ਆ ਵਸੀ, ਉਸਨੇ ਆਪਣੀ ਸਾਰੀ ਚਿੰਤਾ ਦੂਰ ਕਰ ਲਈ ਹੈ। ਦਇਆ ਦਾ ਸੋਮਾ ਪ੍ਰਭੂ ਉਸ ਮਨੁੱਖ ਤੇ ਮਿਹਰਵਾਨ ਹੋਇਆ ਰਹਿੰਦਾ ਹੈ। ਉਹ ਮਨੁੱਖ ਉਸ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦਾ ਨਾਮ ਸਦਾ ਉਚਾਰਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਪ੍ਰਭ ਜੀਉ ਖਸਮਾਨਾ ਕਰਿ (ਅੰਗ-੯੩)
੨. ਮਾਧੋ ਹਮ ਐਸੇ ਤੂ ਐਸਾ (ਅੰਗ-੧੦੪)



## ਰਾਗੁ ਸੋਰਠਿ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਸੰ** | **ਰੰ** | **ਨੁ** | **ਨੁ** | **ਧ** | **ਧ** | **ਮ** | **-** | **ਰ** | **ਰ** | **ਗ** | **.ਨ** | **ਸ** | **ਸ** | **ਸ** | **-** |
| ਸੰ | ऽ | ਤ | ਹੁ | ਸੁ | ऽ | ਖੁ | ऽ | ਹੋ | ਆ | ਸ | ਭਿ | ਥਾ | ऽ | ਈ | ऽ |
| 0 | | | | 3 | | | | x | | | | 2 | | | |
| **ਰਮ** | **ਪ** | **ਨ** | **ਸੰ** | **ਰੰ** | **ਨੁ** | **ਧ** | **ਪ** | **ਪ** | **ਧ** | **ਧ** | **ਮ** | **ਰ** | **-** | **.ਨ** | **ਸ** |
| ਪਾऽ | ऽ | ਰ | ऽ | ਬ੍ਰ | ਹ | ਮੁ | ऽ | ਪੂ | ਰਨ | ਪ | ਰ | ਮੇ | ऽ | ਸ | ਰੁ |

ਰਵਿ ਰਹਿਆ ਸਭਨੀ ਜਾਈ....(ਪਹਿਲੀ ਲਾਈਨ ਅਨੁਸਾਰ)

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਮ** | **ਮ** | **ਪ** | **ਪ** | **ਨ** | **ਨ** | **ਸੰ** | **ਸੰ** | **ਰੰ** | **ਮੰਗੰ** | **ਰੰ** | **ਸੰ** | **ਨ** | **ਨ** | **ਸੰ** | **-** |
| ਪ | ऽ | ਰ | ऽ | ਮੇ | ऽ | ਸ | ਰਿ | ਦਿ | ऽऽ | ਤਾ | ऽ | ਬੰ | ऽ | ਨਾ | ऽ |
| 0 | | | | 3 | | | | x | | | | 2 | | | |
| **ਸੰ** | **ਸੰ** | **ਰੰ** | **ਨੁ** | **ਧ** | **ਮ** | **ਪ** | **ਪ** | **ਧ** | **ਮ** | **ਮ** | **ਰ** | **ਗ** | **.ਨ** | **ਸ** | **-** |
| ਦੁ | ऽ | ਖ | ऽ | ਰੋ | ऽ | ਗ | ਕਾ | ਡੇ | ऽ | ਰਾ | ऽ | ਭੰ | ऽ | ਨਾ | ऽ |

**ਸਥਾਈ ਦੀਆਂ ਤਾਨਾਂ**

| | | | | |
|---|---|---|---|---|
| ੧. | ਸਰ ਮਪ ਨਨ ਸੰ | ਪਧ ਮਗ ਰਗ ਸ | | |
| | x | 2 | | |
| ੨. | ਮਗ ਰਗ ਸਰ .ਨਸ | ਸਰ ਮਪ ਨਨ ਸੰ | | |
| | X | 2 | | |
| ੩. | ਪਨ ਸੰਰੰ ਨਸੰ ਰੰਸੰ | ਰੰਮੰ ਗੰਰੰ ਸੰਰੰ ਨਸੰ | ਸੰਰੰ ਨਸੰ ਨੁਧ ਪਧ | ਮਗ ਰਮ ਗਰ .ਨਸ |
| | x | 2 | 0 | 3 |

(ਸੰਤਹੁ ਸੁਖੁ ਹੋਆ ਸਭਿ - ਤਿੰਨ ਵਾਰੀ ਦੁੱਗਣ ਵਿੱਚ)

**ਅੰਤਰੇ ਦੀਆਂ ਤਾਨਾਂ**

| | | | | |
|---|---|---|---|---|
| ੧. | ਮਮ ਪਪ ਨਨ ਸੰ | ਰੰਮੰ ਗੰਰੰ ਸੰਨ ਸੰ | | |
| | x | 2 | | |
| ੨. | ਸੰਰੰ ਸੰਨੁ ਧਧ ਪ | ਮਗ ਰਮ ਗਰ ਸ | | |
| | X | 2 | | |
| ੩. | ਪਨ ਸੰਰੰ ਨਸੰ ਰੰਸੰ | ਰੰਮੰ ਗੰਰੰ ਸੰਨ ਸੰ | ਸੰਰੰ ਸੰਨੁ ਧਧ ਪ | ਪਧ ਮਗ ਰਗ ਸ |
| | x | 2 | 0 | 3 |

(ਪਰਮੇਸਰਿ ਦਿਤਾ - ਤਿੰਨ ਵਾਰੀ ਦੁੱਗਣ ਵਿੱਚ)

## ਧਨਾਸਰੀ ਮਹਲਾ ੫ ਘਰੁ ੧੨
### ੧ੴ ਸਤਿਗੁਰ ਪ੍ਰਸਾਦਿ

**ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥ ਰਹਾਉ॥**
**ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥੧॥**
**ਚਰਨ ਕਮਲ ਜਾ ਕਾ ਮਨੁ ਰਾਪੈ॥ ਸੋਗ ਅਗਨਿ ਤਿਸੁ ਜਨ ਨਾ ਬਿਆਪੈ॥੨॥**
**ਸਾਗਰੁ ਤਰਿਆ ਸਾਧੂ ਸੰਗੇ॥ ਨਿਰਭਉ ਨਾਮੁ ਜਪਉ ਹਰਿ ਰੰਗੇ॥੩॥**
**ਪਰ ਧਨ ਦੋਖ ਕਿਛੁ ਪਾਪ ਨਾ ਫੇੜੇ॥ ਜਮ ਜੰਦਾਰੁ ਨਾ ਆਵੈ ਨੇੜੇ॥੪॥**
**ਤ੍ਰਿਸਨਾ ਅਗਨਿ ਪ੍ਰਭ ਆਪਿ ਬੁਝਾਈ॥ ਨਾਨਕ ਉਧਰੇ ਪ੍ਰਭ ਸਰਣਾਈ॥੫॥੧॥੫੫॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੮੩-੬੮੪)

### ਭਾਵ-ਅਰਥ

ਹੇ ਭਾਈ! ਪਰਮਾਤਮਾ ਨੂੰ ਸਦਾ ਨਮਸਕਾਰ ਕਰਿਆ ਕਰ ਤੇ ਪ੍ਰਭੂ ਜੀ ਦੇ ਗੁਣ ਗਾਂਦੇ ਰਿਹਾ ਕਰ। ਰਹਾਉ।

੧. ਵੱਡੇ ਭਾਗਾਂ ਨਾਲ ਗੁਰੂ ਮਿਲ ਪੈਂਦਾ ਹੈ ਤੇ ਗੁਰੂ ਰਾਹੀਂ ਪਰਮਾਤਮਾ ਦੀ ਸੇਵਾ ਭਗਤੀ ਨਾਲ ਕਰੋੜਾਂ ਪਾਪ ਮਿਟ ਜਾਂਦੇ ਹਨ।

੨. ਜਿਸ ਮਨੁੱਖ ਦਾ ਮਨ ਪਰਮਾਤਮਾ ਦੇ ਸੁਹਣੇ ਚਰਨਾਂ ਵਿੱਚ ਰੰਗਿਆ ਜਾਂਦਾ ਹੈ, ਉਸ ਮਨੁੱਖ ਉਤੇ ਚਿੰਤਾ ਦੀ ਅੱਗ ਜ਼ੋਰ ਨਹੀਂ ਪਾ ਸਕਦੀ।

੩. ਨਿਰਭਉ ਪ੍ਰਭੂ ਦਾ ਪ੍ਰੇਮ ਨਾਲ ਨਾਮ ਜਪਿਆ ਕਰ, ਗੁਰੂ ਦੀ ਸੰਗਤਿ ਵਿੱਚ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ।

੪. ਸਿਮਰਨ ਦੇ ਸਦਕੇ ਰਿਸ਼ਵਤ (ਪਰਾਏ ਧਨ) ਨੂੰ ਪ੍ਰਾਪਤ ਕਰਨ ਵਰਗੇ ਪਾਪ ਤੇ ਮੰਦੇ ਕਰਮ ਨਹੀਂ ਹੁੰਦੇ, ਜਿਸ ਕਰਕੇ ਭਿਆਨਕ ਜਮ ਵੀ ਨੇੜੇ ਨਹੀਂ ਆਉਂਦੇ।

੫. ਹੇ ਭਾਈ! ਜਿਹੜੇ ਮਨੁੱਖ ਪ੍ਰਭੂ ਦੇ ਗੁਣ ਗਾਂਦੇ ਹਨ, ਉਹਨਾਂ ਦੀ ਤ੍ਰਿਸ਼ਨਾ ਦੀ ਅੱਗ ਪ੍ਰਭੂ ਨੇ ਆਪ ਬੁਝਾ ਦਿੱਤੀ ਹੈ। ਹੇ ਨਾਨਕ! ਪ੍ਰਭੂ ਦੀ ਸ਼ਰਨ ਪੈ ਕੇ ਅਨੇਕਾਂ ਜੀਵ ਤ੍ਰਿਸ਼ਨਾ ਦੀ ਅੱਗ ਵਿੱਚੋਂ ਬਚ ਨਿਕਲਦੇ ਹਨ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਅਬ ਮੋਹਿ ਰਾਮ ਜਸੋ ਮਨਿ (ਅੰਗ-੨੨੩)
੨. ਤ੍ਰਿਸਨਾ ਬੁਝੈ ਹਰਿ ਕੈ ਨਾਮਿ (ਅੰਗ-੩੫੮)



## ਰਾਗੁ ਧਨਾਸਰੀ (ਤੀਨ ਤਾਲ)

ਸਥਾਈ

| | | | |
|---|---|---|---|
| ਮ ਪ ਪ ਸਂ | ਨੁ ਧ ਪ - | ਗੁ ਰ ਸ .ਨੁ | ਸ - - - |
| ਬੰ s s ਦ | ਨਾ s s s | ਹ ਰਿ ਬੰ ਦ | ਨਾ s s s |
| 2 | 0 | 3 | x |
| .ਨੁ .ਨੁ ਸ ਗੁ | ਰ ਰ ਸ ਸ | ਗੁ ਗੁ ਮ ਮ | ਪ ਪ ਪ ਪ |
| ਗੁ ਣ ਗਾ s | ਵ ਹੁ s ਗੋ | ਪਾ s s ਲ | ਰਾ s ਇ s |
| ਨੁ ਨੁ ਨੁ ਨੁ | ਧ ਨੁ ਧ ਪ | ਗੁ ਗੁ ਮ ਮ | ਪ ਪ ਪ ਪ |
| ਗੁ ਣ ਗਾ s | ਵ ਹੁ s ਗੋ | ਪਾ s s ਲ | ਰਾ s ਇ s |
| 2 | 0 | 3 | x |

ਅੰਤਰਾ

| | | | |
|---|---|---|---|
| ਪ ਪ ਪ ਪ | ਮ ਪ ਗੁ ਮ | ਪ ਪ ਨੁ ਨੁ | ਸਂ ਸਂ ਸਂ ਸਂ |
| ਵ s ਡੈ s | ਭਾ s ਗਿ s | ਭੇ ਟੇ ਗੁ ਰ | ਦੇ s ਵਾ s |
| 2 | 0 | 3 | x |
| ਪ ਨੁ ਸਂ ਗੁਂ | ਰਂ ਰਂ ਸਂ ਸਂ | ਨੁ ਨੁ ਧ ਨੁ | ਧ ਪ ਪ ਪ |
| ਕੋ s ਟਿ ਪ | ਰਾ s ਧ ਮਿ | ਟੇ s ਹ ਰਿ | ਸੇ s ਵਾ s |

### ਸਥਾਈ ਦੀਆਂ ਤਾਨਾਂ

| | | | | |
|---|---|---|---|---|
| ੧. | .ਨੁਸ ਗੁਮ ਪਮ ਪ | ਗੁਮ ਪਮ ਗੁਰ ਸ | ਪਨੁ ਧਪ ਮਪ ਗੁਮ | ਗੁਮ ਪਮ ਗੁਰ ਸ |
| | 2 | 0 | 3 | x |
| ੨. | .ਨੁਸ .ਨੁਸ ਗੁਸ ਗੁਮ | ਗੁਮ ਪਮ ਪਨੁ ਪਨੁ | ਸਂਨੁ ਸਂਗੁਂ ਰਂਸਂ ਨੁਸਂ | ਨੁਧ ਪਮ ਗੁਰ ਸ |
| | 2 | 0 | 3 | x |

### ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਪਮ ਗੁਮ ਪਨੁ ਸਂ | ਨੁਸਂ ਗੁਂਗੁਂ ਰਂਸਂ ਨੁਸਂ | ਰਂਰਂ ਸਂਨੁ ਧਧ ਪ | ਮਪ ਗੁਮ ਗੁਰ ਸ |
| | 2 | 0 | 3 | x |
| ੨. | ਗੁਮ ਗੁਮ ਪਮ ਗੁਮ | ਪਨੁ ਸਂਨੁ ਪਨੁ ਸਂਗੁਂ | ਸਂਗੁਂ ਰਂਸਂ ਨੁਸਂ ਰਂਸਂ | ਨੁਧ ਪਮ ਗੁਰ ਸ |
| | 2 | 0 | 3 | x |

## ਜੈਤਸਰੀ ਮਹਲਾ ੫

**ਹਰਿ ਜਨ ਸਿਮਰਹੁ ਹਿਰਦੈ ਰਾਮ॥**

**ਹਰਿ ਜਨ ਕਉ ਅਪਦਾ ਨਿਕਟਿ ਨਾ ਆਵੈ ਪੂਰਨ ਦਾਸ ਕੇ ਕਾਮ॥੧॥ਰਹਾਉ॥**

**ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ॥**

**ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ॥੧॥**

**ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ॥**

**ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ॥੨॥੯॥੧੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੦੨)**

**(ਅੰਮ੍ਰਿਤ ਕੀਰਤਨ - ੪੬੧)**

### ਭਾਵ-ਅਰਥ

ਹੇ ਪਰਮਾਤਮਾ ਦੇ ਪਿਆਰਿਓ! ਆਪਣੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਸਦਾ ਸਿਮਰਿਆ ਕਰੋ। ਜਿਸ ਨਾਲ ਪ੍ਰਭੂ ਦੇ ਸੇਵਕਾਂ ਦੇ ਨੇੜੇ ਕੋਈ ਵੀ ਬਿਪਤਾ ਨਹੀਂ ਆਉਂਦੀ ਤੇ ਸਾਰੇ ਕੰਮ ਰਾਸ ਹੋ ਜਾਂਦੇ ਹਨ। ਰਹਾਉ।

੧. ਉਸ ਦੀ ਭਗਤੀ ਨਾਲ ਜੀਵਨ ਦੀਆਂ ਕਰੋੜਾਂ ਔਕੜਾਂ ਨਾਸ ਹੋ ਜਾਂਦੀਆਂ ਹਨ ਤੇ ਪਰਮਾਤਮਾ ਦਾ ਸਦਾ ਅਟੱਲ ਰਹਿਣ ਵਾਲਾ ਘਰ ਭੀ ਮਿਲ ਜਾਂਦਾ ਹੈ। ਪਰਮਾਤਮਾ ਦੇ ਭਗਤਾਂ ਨੂੰ ਕੋਈ ਵੀ ਡਰ ਪੋਹ ਨਹੀਂ ਸਕਦਾ, ਜਮਰਾਜ ਵੀ ਉਨ੍ਹਾਂ ਦਾ ਸਤਿਕਾਰ ਕਰਦਾ ਹੈ।

੨. ਜੋ ਪਰਮਾਤਮਾ ਦਾ ਸਿਮਰਨ ਭੁਲਾ ਕੇ ਹੋਰ ਕੰਮ ਕਰਦਾ ਹੈ,ਉਹ ਨਾਸਵੰਤ ਤੇ ਖੁਆਰ ਹੁੰਦਾ ਹੈ। ਇਸ ਲਈ ਪਰਮਾਤਮਾ ਦੇ ਸੁਹਣੇ ਚਰਨ ਆਪਣੇ ਹਿਰਦੇ ਵਿੱਚ ਵਸਾਈ ਰੱਖ ਕਿਉਂ ਕਿ ਇਹ ਹਰੀ ਚਰਨ ਹੀ ਸਾਰੇ ਸੁੱਖਾਂ ਦਾ ਘਰ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਹਰਿ ਜੂ ਰਾਖਿ ਲੇਹੁ ਪਤਿ ਮੇਰੀ (ਅੰਗ-੧੧੪)

੨. ਭੂਲਿਓ ਮਨੁ ਮਾਇਆ (ਅੰਗ-੪੭੧)



## ਰਾਗੁ ਜੈਤਸਰੀ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| .ਨ | ਸ | ਗ | ਮ̍ | ਪ | ਪ | ਮ̍ | ਗ | ਮ̍ | ਗ | ਰੁ | ਸ | .ਨ | - | ਸ | - |
| ਹ | ਰਿ | ਜ | ਨ | ਸਿ | ਮ | ਰ | ਉ | ਹਿ | ਰ | ਦੈ | s | ਰਾ | s | ਮ | s |
| 0 | | | | 3 | | | | x | | | | 2 | | | |
| ਮ̍ | ਪ | ਨ | ਸਂ | ਨ | ਧੁ | ਪ | ਪ | ਪ | ਮ̍ | ਗ | ਮ̍ | ਗ | ਰੁ | ਸ | - |
| ਹ | ਰਿ | ਜ | ਨ | ਕ | ਉ | ਅਪ | ਦਾ | ਨਿ | ਕ | ਟਿ | ਨ | ਆ | s | ਵੈ | s |

(ਪੂਰਨ ਦਾਸ ਕੇ ਕਾਮ - ਪਹਿਲੀ ਲਾਈਨ ਅਨੁਸਾਰ)

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਪ | ਪ | ਮ̍ | ਪ | ਗ | ਮ̍ | ਪ | ਪ | ਨ | ਨ | ਸਂ | ਸਂ | ਸਂ | ਸਂ |
| ਕੋ | s | ਟਿ | ਬਿ | ਘ | ਨ | ਬਿ | ਨ | ਸ | ਹਿ | ਹ | ਰਿ | ਸੇ | s | ਵਾ | s |
| 0 | | | | 3 | | | | x | | | | 2 | | | |
| ਪ | ਨ | ਸਂ | ਰੁਂ | ਸਂ | ਨ | ਧੁ | ਪ | ਪ | ਮ̍ | ਗ | ਮ̍ | ਗ | ਰ | ਸ | - |
| ਨਿ | ਹ | ਚ | ਲੁ | ਗੋ | s | ਵਿ | ਦ | ਧਾ | s | s | s | ਮ | s | s | s |

### ਸਥਾਈ ਦੀਆਂ ਤਾਨਾਂ

| | | | | | | | | | | | | |
|---|---|---|---|---|---|---|---|---|---|---|---|---|
| ੧. | .ਨਸ | ਗਮ̍ | ਪ | ਪ | ਪਮ̍ | ਗਮ̍ | ਗਰੁ | ਸ | | | | |
| | X | | | | 2 | | | | | | | |
| ੨. | ਪਮ̍ | ਗਮ̍ | ਪਧੁ | ਪਮ̍ | ਗਮ̍ | ਪਮ̍ | ਗਰੁ | ਸ | | | | |
| | X | | | | 2 | | | | | | | |
| ੩. | ਪਮ̍ | ਗਮ̍ | ਪਨ | ਸਂ | ਸਂਨ | ਧੁਪ | ਮ̍ਧੁ | ਪਮ̍ | ਗਮ̍ | ਪਮ̍ | ਗਰੁ | ਸ |
| | X | | | | 2 | | | | 0 | | | |

(ਹਰਿ ਜਨ ਸਿਮਰਹੁ - ਇਕ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ੧. | ਗਮ̍ | ਪਨ | ਸਂ | ਸਂ | ਸਂਗਂ | ਰੁਂਸਂ | ਨਰੁਂ | ਸਂ | ਰੁਂਰੁਂ | ਸਂਨ | ਧੁਧੁ | ਪ | ਪਮ̍ | ਗਮ̍ | ਗਰੁ | ਸ |
| | 0 | | | | 3 | | | | x | | | | 2 | | | |
| ੨. | ਸਂਨ | ਧੁਨ | ਧੁਧੁ | ਪ | ਪਮ̍ | ਗਮ̍ | ਪਧੁ | ਪਮ̍ | ਗਮ̍ | ਪਮ̍ | ਗਮ̍ | ਗਰੁ | ਗਮ̍ | ਪਮ̍ | ਗਰੁ | ਸ |
| | 0 | | | | 3 | | | | x | | | | 2 | | | |
| ੩. | .ਨਸ | ਗਮ̍ | ਪਨ | ਸਂ | ਸਂਗਂ | ਰੁਂਸਂ | ਨਸਂ | ਰੁਂਸਂ | ਰੁਂਰੁਂ | ਸਂਨ | ਧੁਨ | ਧੁਪ | ਮ̍ਗ | ਮ̍ਗ | ਰੁਰੁ | ਸ |
| | x | | | | 2 | | | | 0 | | | | 3 | | | |

( ਕੋਟਿ ਬਿਘਨ ਬਿਨਸਹਿ - ਤਿੰਨ ਵਾਰੀ ਦੁੱਗਣ ਵਿੱਚ)

## ਟੋਡੀ ਮਹਲਾ ੫

**ਸਤਿਗੁਰ ਆਇਓ ਸਰਣਿ ਤੁਹਾਰੀ॥**

**ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥੧॥ਰਹਾਉ॥**

**ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥**

**ਲੇਖਾ ਛੋਡਿ ਅਲੇਖੈ ਛੂਟਹਿ ਹਮ ਨਿਰਗੁਨ ਲੇਹੁ ਉਬਾਰੀ॥੧॥**

**ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥**

**ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥੨॥੪॥੯॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੧੩)**

(ਅੰਮ੍ਰਿਤ ਕੀਰਤਨ - ੯੧)

### ਭਾਵ-ਅਰਥ

ਹੇ ਗੁਰੂ ਜੀ ! ਮੈਂ ਤੁਹਾਡੀ ਸ਼ਰਣਿ ਭਾਵ ਓਟ ਲਈ ਹੈ, ਜੇਕਰ ਮੈਨੂੰ ਤੁਹਾਡਾ ਨਾਮ ਮਿਲ ਜਾਏ ਤਾਂ ਮੇਰੀ ਚਿੰਤਾ ਦੂਰ ਹੋ ਜਾਏ ਇਹੀ ਮੇਰੇ ਵਾਸਤੇ ਇਹੀ ਸੁੱਖ ਤੇ ਸ਼ੋਭਾ ਹੈ। ਰਹਾਉ।

੧. ਮੈਂ ਹਾਰ ਕੇ ਤੇਰੇ ਦਰ ਤੇ ਆ ਪਿਆ ਹਾਂ, ਮੈਨੂੰ ਹੋਰ ਕੋਈ ਆਸਰਾ ਨਹੀਂ ਸੁਝਦਾ। ਪ੍ਰਭੂ ਜੀ ਸਾਡੇ ਕਰਮਾਂ ਦਾ ਲੇਖਾ ਨਾ ਕਰੋ ਤੇ ਗੁਣਹੀਨ ਜੀਵਾਂ ਨੂੰ ਵਿਕਾਰਾਂ ਤੋਂ ਬਚਾ ਲਵੋ।

੨. ਪਰਮਾਤਮਾ ਸਦਾ ਬਖਸ਼ਿਸ਼ ਕਰਨ ਵਾਲਾ ਹੈ, ਸਦਾ ਮਿਹਰ ਕਰਨ ਵਾਲਾ ਹੈ। ਸਭ ਜੀਵਾਂ ਨੂੰ ਆਸਰਾ ਦਿੰਦਾ ਹੈ। ਹੇ ਪ੍ਰਭੂ ਮੈਂ ਨਾਨਕ ਦਾਸ ਗੁਰੂ ਦੀ ਸ਼ਰਨ ਆ ਪਿਆ ਹਾਂ, ਮੈਨੂੰ ਇਸ ਜਨਮ ਵਿੱਚ ਵਿਕਾਰਾਂ ਤੋਂ ਬਚਾਈ ਰੱਖੋ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਕ੍ਰਿਪਾ ਨਿਧਿ ਬਸਹੁ ਰਿਦੈ (ਅੰਗ-੭੩)

੨. ਮਾਗਉ ਦਾਨੁ ਠਾਕੁਰ ਨਾਮ (ਅੰਗ-੩੯੫)



## ਰਾਗੁ ਟੋਡੀ (ਤੀਨ ਤਾਲ)

ਸਥਾਈ

| | | | |
|---|---|---|---|
| ਧੁ ਧੁ ਗੁ ਮੑ | ਧੁ - ਪ ਪ | ਮੑ ਧੁ ਮੑ ਗੁ | ਰੁ ਗੁ ਰੁ ਸ |
| ਸ ਤਿ ਗੁ ਰ | ਆ ऽ ਇ ਓ | ਸ ਰ ਣਿ ਤੁ | ਹਾ ऽ ਰੀ ऽ |
| 3 | x | 2 | 0 |
| .ਧੁ .ਧੁ .ਧੁ .ਨ | ਸ ਸ ਸ ਸ | ਰੁ ਰੁ ਰੁ ਗੁ | ਰੁ ਰੁ ਸ ਸ |
| ਮਿ ऽ ਲੈ ऽ | ਸੂ ऽ ਖੁ ऽ | ਨਾ ਮੁ ਹ ਰਿ | ਸੋ ऽ ਭਾ ऽ |
| ਧੁ ਧੁ ਗੁ ਮੑ | ਧੁ - ਪ ਪ | ਮੑ ਧੁ ਮੑ ਗੁ | ਰੁ ਗੁ ਰੁ ਸ |
| ਚਿੰ ऽ ਤਾ ऽ | ਲਾ ऽ ਹਿ ਹ | ਮਾ ऽ ऽ ऽ | ਰੀ ऽ ऽ ऽ |

ਅੰਤਰਾ

| | | | |
|---|---|---|---|
| ਮੑ ਮੑ ਮੑ ਮੑ | ਧੁ ਧੁ ਮੑ ਧੁ | ਸਂ ਸਂ ਸਂ ਸਂ | ਨ ਰੁਂ ਸਂ ਸਂ |
| ਅ ਵ ਰ ਨ | ਸੂ ऽ ਝੈ ऽ | ਦੂ ऽ ਜੀ ऽ | ਠਾ ऽ ਹ ਰ |
| 3 | x | 2 | 0 |
| ਰੁਂ ਰੁਂ ਗੁਂ ਗੁਂ | ਰੁਂ ਰੁਂ ਸਂ ਸਂ | ਨ ਰੁਂ ਨ ਧੁ | ਪ ਮੑ ਪ ਪ |
| ਹਾ ऽ ਰਿ ਪਰਿ | ਓ ऽ ਤ ਉ | ਦੁਆ ऽ ऽ ऽ | ਰੀ ऽ ऽ ऽ |
| ਪ ਪ ਪ ਮੑ | ਧੁ - ਪ ਪ | ਮੑ ਧੁ ਮੑ ਗੁ | ਰੁ ਗੁ ਰੁ ਸ |
| ਲੇ ऽ ਖਾ ऽ | ਛੋ ऽ ਡਿ ਅ | ਲੇ ऽ ਖੈ ऽ | ਛੂ ऽ ਟ ਹਿ |

ਹਮ ਨਿਰਗੁਨ ਲੇਹੁ ਉਬਾਰੀ......(ਤੀਜੀ ਲਾਈਨ ਅਨੁਸਾਰ)

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਪਮੑ ਗੁਮੑ ਪਧੁ ਪਮੑ | ਗੁਮੑ ਪਮੑ ਗੁਰੁ ਸ | | |
| 2 | 0 | | |
| ੨. ਮੑਧੁ ਨਸਂ ਨਧੁ ਪ | ਮੑਧੁ ਮੑਗੁ ਰੁਗੁ ਰੁਸ | | |
| 2 | 0 | | |
| ੩. ਰੁਰੁ ਸਰੁ ਰੁਸ ਗੁ | ਗੁਗੁ ਰੁਗੁ ਗੁਰੁ ਮੑ | ਮੑਮੑ ਗੁਮੑ ਮੑਗੁ ਧੁ | ਨਨ ਧੁਨ ਨਧੁ ਪ |
| 3 | x | 2 | 0 |

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਸਂਰੁਂ ਸਂਨ ਧੁਨ ਸਂਨ | ਧੁਪ ਮੑਧੁ ਨਨ ਸਂ | | |
| 2 | 0 | | |
| ੨. ਸਂਰੁਂ ਗੁਂਗੁਂ ਰੁਂਗੁਂ ਰੁਂਸਂ | ਸਂਨ ਧੁਮੑ ਧੁਨ ਸਂ | | |
| 2 | 0 | | |
| ੩. ਮੑਧੁ ਨਸਂ ਰੁਂਗੁਂ ਰੁਂਸਂ | ਰੁਂਰੁਂ ਸਂਨ ਧੁਨ ਧੁਮੑ | ਸਂਨ ਧੁਪ ਮੑਧੁ ਪ | ਮੑਧੁ ਮੑਗੁ ਰੁਗੁ ਰੁਸ |
| 3 | x | 2 | 0 |

## ਬੈਰਾੜੀ ਮਹਲਾ ੫

**ਮਨਿ ਮਿਲਿ ਸੰਤ ਜਨਾ ਜਸੁ ਗਾਇਓ॥**

**ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ॥੧॥ਰਹਾਉ॥**

**ਤਿਸੁ ਜਨ ਕਉ ਮਨੁ ਤਨੁ ਸਭ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ॥**

**ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ॥੧॥**

**ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਜਸੁ ਧਿਆਇਓ॥**

**ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ॥੨॥੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੧੯)**

### ਭਾਵ-ਅਰਥ

ਹੇ ਮਨ! ਸਤਿਗੁਰੂ ਜੀ ਨੇ ਪਰਮਾਤਮਾ ਦਾ ਕੀਮਤੀ ਨਾਮ ਰੂਪੀ ਰਤਨ ਬਖਸ਼ੀਸ਼ ਵਜੋਂ ਦਿਵਾ ਦਿੱਤਾ ਹੈ। ਉਸਨੇ ਸੰਤ ਜਨਾਂ ਨਾਲ ਮਿਲ ਕੇ ਪਰਮਾਤਮਾ ਦੀ ਸਿਫਤ-ਸਲਾਹ ਕਰਨੀ ਸ਼ੁਰੂ ਕਰ ਦਿੱਤੀ। ਰਹਾਉ।

੧. ਹੇ ਮਨ! ਮੈਂ ਉਸ ਮਨੁੱਖ ਨੂੰ ਆਪਣਾ ਮਨ, ਤਨ ਸਭ ਕੁੱਝ ਭੇਟਾ ਕਰਦਾ ਹਾਂ, ਧਨ ਪਦਾਰਥ ਮਾਇਆ ਉਸਦੇ ਹਵਾਲੇ ਕਰਦਾ ਹਾਂ, ਜਿਸਨੇ ਮੈਨੂੰ ਪਰਮਾਤਮਾ ਦਾ ਨਾਮ ਸੁਣਾਇਆ ਹੈ, ਜਿਸਨੇ ਮੈਨੂੰ ਮਿੱਤਰ ਪਰਮਾਤਮਾ ਨਾਲ ਮਿਲਾ ਦਿੱਤਾ ਹੈ।

੨. ਹੇ ਮਨ! ਜਗਤ ਦੇ ਮਾਲਕ-ਪ੍ਰਭੂ ਨੇ ਜਦੋਂ ਕਿਸੇ ਸੇਵਕ ਉਤੇ ਇੱਕ ਪਲ ਭਰ ਲਈ ਥੋੜ੍ਹੀ ਜਿੰਨੀ ਵੀ ਮਿਹਰ ਕਰ ਦਿੱਤੀ ਹੈ ਤਾਂ ਹੀ ਉਸਨੇ ਹਰੀ ਦਾ ਸਿਮਰਨ ਕੀਤਾ ਹੈ। ਹੇ ਨਾਨਕ! ਜਿਸ ਮਨੁੱਖ ਨੂੰ ਮਾਲਕ-ਪ੍ਰਭੂ ਜੀ ਮਿਲ ਪਏ, ਉਸ ਦਾ ਹਉਮੈ ਦਾ ਰੋਗ ਦੂਰ ਹੋ ਗਿਆ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਸੰਤ ਜਨਾ ਮਿਲਿ ਹਰਿ (ਅੰਗ-੩੧੧)

੨. ਜਪਿ ਮਨ ਰਾਮ ਨਾਮੁ ਨਿਸਤਾਰਾ (ਅੰਗ-੯੮੯)



## ਰਾਗੁ ਬੈਰਾੜੀ (ਤੀਨ ਤਾਲ)

ਸਥਾਈ

| | | | |
|---|---|---|---|
| **ਮ̍ ਗ ਮ̍ ਗ** | **ਰੁ .ਨ .ਨ ਰੁ** | **ਸ ਸ ਸ ਸ** | **.ਨ ਰੁ ਗ ਰੁ** |
| ਮ ਨ ਮਿ ਲਿ | ਸੰ ऽ ਤ ਜ | ਨਾ ऽ ਜ ਸੁ | ਗਾ ऽ ਇ ਓ |
| 0 | 3 | x | 2 |
| **ਸ ਪ ਪ ਪ** | **ਪ ਨ ਪ ਧ** | **ਮ̍ ਗ ਪ ਧ** | **ਮ̍ ਗ ਰੁ ਸ** |
| ਹ ਰਿ ਹ ਰਿ | ਰ ਤ ਨੁ ਰ | ਤ ਨੁ ਹ ਰਿ | ਨੀ ऽ ਕੋ ऽ |

ਗੁਰਿ ਸਤਿਗੁਰਿ ਦਾਨੁ ਦਿਵਾਇਓ.........(ਪਹਿਲੀ ਲਾਈਨ ਅਨੁਸਾਰ)

ਅੰਤਰਾ

| | | | |
|---|---|---|---|
| **ਮ̍ ਧ ਸਂ ਸਂ** | **ਸਂ ਸਂ ਸਂ ਸਂ** | **ਸਂ ਸਂ ਸਂ ਸਂ** | **ਨ ਰੁਂ ਸਂ ਸਂ** |
| ਤਿ ਸੁ ਜ ਨ | ਕ ਉ ਮ ਨੁ | ਤ ਨੁ ਸ ਭੁ | ਦੇ ऽ ਵ ਉ |
| 0 | 3 | x | 2 |
| **ਨ ਰੁਂ ਗਂ ਰੁਂ** | **ਨ ਰੁਂ ਨ ਪ** | **ਧ ਧ ਮ̍ ਪ** | **ਮ̍ ਗ ਰੁ ਸ** |
| ਜਿ ਨਿ ਹ ਰਿ | ਹ ऽ ਰਿ ऽ | ਨਾ ऽ ਮੁ ਸੁ | ਨਾ ऽ ਇ ਓ |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. .ਨਰੁ ਗਮ̍ ਪਮ̍ ਗ | ਮ̍ਗ ਰੁਗ ਰੁਸ .ਨਸ | | |
| X | 2 | | |
| ੨. ਪਮ̍ ਗਮ̍ ਪਧ ਪਮ̍ | ਗਮ̍ ਪਮ̍ ਗਰੁ ਸ | | |
| X | 2 | | |
| ੩. ਮ̍ਧ ਨਧ ਪਧ ਪਮ̍ | ਗਮ̍ ਪਮ̍ ਗੁਰੁ ਸ | ਮ̍ਧ ਨਸਂ ਰੁਂਗਂ ਰੁਂਸਂ | ਸਂਨ ਧਪ ਮ̍ਧ ਪ |
| X | 2 | 0 | 3 |

**(ਮਨ ਮਿਲਿ ਸੰਤ ਜਨਾ ਜਸੁ - ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਮ̍ਧ ਨਸਂ ਰੁਂਗਂ ਰੁਂਸਂ | ਰੁਂਰੁਂ ਸਂਨ ਧਨ ਧਪ | | |
| X | 2 | | |
| ੨. ਸਸ ਗਗ ਮ̍ਮ̍ ਧਧ | ਨਨ ਸਂਸਂ ਰੁਂਗਂ ਰੁਂਸਂ | ਸਂਨ ਧਪ ਮ̍ਧ ਪ | |
| X | 2 | 0 | |

**( ਤਿਸੁ ਜਨ ਕਉ ਮਨ - ਇੱਕ ਵਾਰੀ ਦੁੱਗਣ ਵਿੱਚ)**

| | | | |
|---|---|---|---|
| ੩. ਮ̍- ਧਮ̍ ਧ- ਨਧ | ਨ- ਸਂਨ ਸਂ- ਰੁਂਸਂ | ਸਂ- ਰੁਂਸਂ ਨ- ਸਂਨ | ਧ- ਨਧ ਪ ਪ |
| X | 2 | 0 | 3 |

**( ਤਿਸੁ ਜਨ ਕਉ ਮਨ ਤਨੁ ਸਭੁ - ਤਿੰਨ ਵਾਰੀ ਦੁੱਗਣ ਵਿੱਚ)**

## ਤਿਲੰਗ ਮਹਲਾ ੪

**ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥**
**ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥੧॥**
**ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ਰਹਾਉ॥**
**ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ॥**
**ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ॥੨॥**
**ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥**
**ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥੩॥**
**ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ॥**
**ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ॥੪॥**
**ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ॥**
**ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥੫॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੨੫), (ਅੰਮ੍ਰਿਤ ਕੀਰਤਨ ਅੰਗ ੬੨੨)**

### ਭਾਵ-ਅਰਥ

੧. ਹੇ ਗੁਰਸਿੱਖ ਮਿੱਤਰ! ਗੁਰੂ ਨੇ ਮੈਨੂੰ ਪਰਮਾਤਮਾ ਦੀ ਸਿਫਤ-ਸਲਾਹ ਦੀਆਂ ਗੱਲਾਂ ਸੁਣਾਈਆਂ ਹਨ। ਮੈਂ ਆਪਣੇ ਗੁਰੂ ਤੋਂ ਸਦਕੇ ਕੁਰਬਾਨ ਜਾਂਦਾ ਹਾਂ। ਹੇ ਮੇਰੇ ਗੁਰੂ ਪਿਆਰੇ ਸਿੱਖ! ਮੈਨੂੰ ਆ ਕੇ ਮਿਲ , ਮੈਨੂੰ ਆ ਕੇ ਮਿਲ। ਰਹਾਉ।

੨. ਹੇ ਗੁਰਸਿੱਖ! ਪਰਮਾਤਮਾ ਦੇ ਗੁਣ ਗਾਉਂਦੇ ਗੁਰਸਿੱਖ ਹੀ ਪਰਮਾਤਮਾ ਨੂੰ ਚੰਗੇ ਲੱਗਦੇ ਹਨ, ਮੈਂ ਉਹ ਗੁਣ ਗਾਉਣੇ ਗੁਰੂ ਪਾਸੋਂ ਸਿੱਖੇ ਹਨ। ਮੈਂ ਉਨ੍ਹਾਂ ਵਡਭਾਗੀਆਂ ਤੋਂ ਮੁੜ-ਮੁੜ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਗੁਰੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਿਆ ਹੈ।

੩. ਹੇ ਗੁਰਸਿੱਖ! ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ, ਸਦਾ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਪਿਆਰੇ ਗੁਰੂ ਦਾ ਦਰਸ਼ਨ ਵੀ ਕੀਤਾ ਹੈ ਤੇ ਗੁਰੂ ਦੀ ਸੇਵਾ ਵੀ ਕੀਤੀ ਹੈ।

੪. ਹੇ ਹਰੀ! ਤੇਰਾ ਨਾਮ ਸਾਰੇ ਦੁੱਖ ਦੂਰ ਕਰਨ ਦੇ ਸਮਰੱਥ ਹੈ, ਪਰ ਇਹ ਨਾਮ ਗੁਰੂ ਦੀ ਸ਼ਰਨ ਪਿਆਂ ਹੀ ਮਿਲਦਾ ਹੈ, ਗੁਰੂ ਦੇ ਸਨਮੁੱਖ ਰਹਿ ਕੇ ਹੀ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ।

੫. ਹੇ ਗੁਰਸਿੱਖ! ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਹ ਮਨੁੱਖ ਪਰਮਾਤਮਾ ਦੀ ਹਜ਼ੂਰੀ ਵਿੱਚ ਕਬੂਲ ਹੋ ਜਾਂਦੇ ਹਨ। ਨਾਨਕ ਉਹਨਾਂ ਮਨੁੱਖਾਂ ਤੋਂ ਕੁਰਬਾਨ ਜਾਂਦਾ ਹੈ, ਸਦਾ ਸਦਕੇ ਜਾਂਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਮੈ ਅੰਧੁਲੇ ਕੀ ਟੇਕ ਤੇਰਾ (ਅੰਗ-੧੭੪)
੨. ਚੇਤਨਾ ਹੈ ਤਉ ਚੇਤ ਲੈ (ਅੰਗ-੩੯੮)



## ਰਾਗੁ ਤਿਲੰਗ (ਤੀਨ ਤਾਲ)

ਸਥਾਈ

| | | | |
|---|---|---|---|
| **ਸਂ ਸਂ ਨ ਸਂ** | **ਨੁ ਪ ਗ ਮ** | **ਗ ਗ ਗ ਸ** | **ਗ ਮ ਪਨੁ ਮਪ** |
| ਆ ਇ ਮਿ ਲੁ | ਗੁ ਰ ਸਿ ਖ | ਆ s ਇ s | ਮਿ s ਲੁs ss |
| 0 | 3 | x | 2 |
| **ਸ ਸ ਗ ਮ** | **ਪ ਪ ਨ ਨ** | **ਸਂ ਸਂ ਸਂ ਸਂ** | **ਨ ਸਂ ਪਨੁ ਮਪ** |
| ਤੂ s ਮੇ ਰੇ | ਗੁ ਰੂ ਕੇ s | ਪਿ ਆ s s | ਰੇ s ss ss |

ਅੰਤਰਾ

| | | | |
|---|---|---|---|
| **ਗ ਮ ਪ ਨ** | **ਸਂ ਸਂ ਸਂ ਸਂ** | **ਨ ਸਂ ਗਂ ਸਂ** | **ਨ ਸਂ ਨੁ ਪ** |
| ਹ ਰਿ ਕੀ ਆ | ਕ ਥਾ s ਕ | ਹਾ s s ਣੀ | ਆ s s s |
| 0 | 3 | X | 2 |
| **ਸ ਸ ਗ ਮ** | **ਪ ਪ ਨ ਨ** | **ਸਂ ਸਂ ਸਂ ਸਂ** | **ਨ ਸਂ ਪਨੁ ਮਪ** |
| ਗੁ s ਰਿ s | ਮੀ s ਤਿ ਸੁ | ਣਾ s s ਈ | ਆ s ss ss |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਸ ਗਮ ਪਨੁ ਪਮ | ਗਮ ਪਮ ਗਮ ਗਸ | | |
| x | 2 | | |
| ੨. ਗਮ ਪਨੁ ਪਮ ਪ | ਗਮ ਪਮ ਗਮ ਗਸ | | |
| x | 2 | | |
| ੩. ਗਮ ਪਨ ਸਂ ਸਂ | ਨਸਂ ਗਂਮਂ ਗਂਸਂ ਨਸਂ | ਨਸਂ ਨੁਪ ਮਪ ਮਗ | ਗਮ ਪਮ ਗਮ ਗਸ |
| x | 2 | 0 | 3 |

**(ਆਇ ਮਿਲੁ ਗੁਰਸਿਖ ਆਇ ਮਿਲੁ - ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਗਮ ਪਨ ਸਂ ਸਂ | ਨਸਂ ਗਂਸਂ ਨਸਂ ਨੁਪ | | |
| x | 2 | | |
| ੨. ਗਮ ਗਮ ਪਮ ਗਮ | ਪਨੁ ਪਨੁ ਪਮ ਗਮ | ਪਨੁ ਪਨ ਸਂਸਂ ਨਸਂ | ਨਸਂ ਗਂਸਂ ਨਸਂ ਨੁਪ |
| 0 | 3 | x | 2 |
| ੩. ਸ- ਗਸ ਗ- ਮਗ | ਮ- ਪਮ ਪ- ਨੁਪ | ਨ- ਸਂਨ ਸਂ ਸਂ | ਨੁਪ ਗਮ ਗ ਸ |
| x | 2 | 0 | 3 |

**(ਹਰਿ ਕੀਆ ਕਥਾ ਕਹਾਣੀਆ - ਤਿੰਨ ਵਾਰੀ ਦੁੱਗਣ ਵਿੱਚ)**

## ਸੂਹੀ ਮਹਲਾ ੫ ॥

**ਸੇ ਸੰਜੋਗ ਕਰਹੁ ਮੇਰੇ ਪਿਆਰੇ॥**
**ਜਿਤੁ ਰਸਨਾ ਹਰਿ ਨਾਮੁ ਉਚਾਰੇ॥੧॥**
**ਸੁਣਿ ਬੇਨਤੀ ਪ੍ਰਭ ਦੀਨ ਦਇਆਲਾ॥**
**ਸਾਧ ਗਾਵਹਿ ਗੁਣ ਸਦਾ ਰਸਾਲਾ॥੧॥ਰਹਾਉ॥**
**ਜੀਵਨ ਰੂਪੁ ਸਿਮਰਣ ਪ੍ਰਭ ਤੇਰਾ॥**
**ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ॥੨॥**
**ਜਨ ਕੀ ਭੂਖ ਤੇਰਾ ਨਾਮੁ ਅਹਾਰੁ॥**
**ਤੂੰ ਦਾਤਾ ਪ੍ਰਭ ਦੇਵਣਹਾਰੁ॥੩॥**
**ਰਾਮ ਰਮਤ ਸੰਤਨ ਸੁਖੁ ਮਾਨਾ॥**
**ਨਾਨਕ ਦੇਵਨਹਾਰ ਸੁਜਾਨਾ॥੪॥੨੯॥੩੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੪੩)**
**(ਅੰਮ੍ਰਿਤ ਕੀਰਤਨ ਅੰਗ ੩੫੪)**

### ਭਾਵ-ਅਰਥ

੧. ਹੇ ਮੇਰੇ ਪਿਆਰੇ ਮੇਰੇ ਵਾਸਤੇ ਉਹ ਸੰਜੋਗ ਬਣਾਉ,ਜਿਸ ਰਾਹੀਂ ਮੇਰੀ ਜੀਭ ਤੁਹਾਡਾ ਨਾਮ ਉਚਾਰਦੀ ਰਹੇ। ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਮੇਰੀ ਬੇਨਤੀ ਸੁਣ ਤੇ ਮੈਂ ਤੁਹਾਡੇ ਗੁਣਾਂ ਦਾ ਗਾਇਨ ਕਰਦਾ ਰਹਾਂ, ਜਿਵੇਂ ਸੰਤ ਜਨ ਤੁਹਾਡੇ ਰਸ ਭਰੇ ਗੁਣ ਗਾਂਦੇ ਰਹਿੰਦੇ ਹਨ। ਰਹਾਉ।

੨. ਹੇ ਪ੍ਰਭੂ! ਤੇਰਾ ਨਾਮ ਸਿਮਰਨਾਂ ਆਤਮਕ ਜੀਵਨ ਦੇ ਬਰਾਬਰ ਹੈ,ਜਿਸ ਮਨੁੱਖ ਉਪਰ ਤੁਸੀਂ ਕਿਰਪਾ ਕਰਦੇ ਹੋ, ਉਸਦੇ ਹਿਰਦੇ ਵਿੱਚ ਆ ਵੱਸਦੇ ਹੋ।

੩. ਤੁਹਾਡਾ ਨਾਮ ਤੁਹਾਡੇ ਸੰਤ ਜਨਾਂ ਦੀ ਆਤਮਿਕ ਖੁਰਾਕ ਹੈ,ਇਹ ਤੁਸੀਂ ਹੀ ਦੇ ਸਕਦੇ ਹੋ।

੪. ਹੇ ਨਾਨਕ! ਸੰਤ ਜਨ ਉਸ ਪਰਮਾਤਮਾ ਦਾ ਨਾਮ ਸਿਮਰ ਕੇ ਆਤਮਿਕ ਆਨੰਦ ਮਾਣਦੇ ਰਹਿੰਦੇ ਹਨ। ਜੋ ਸਭ ਕੁਝ ਦੇਣ ਦੇ ਸਮਰੱਥ ਹੈ ਤੇ ਜੋ ਹਰ ਪੱਖੋਂ ਸਿਆਣਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਸੰਤਾ ਕੇ ਕਾਰਜਿ ਆਪ ਖਲੋਇਆ (ਅੰਗ-੧੯੫)
੨. ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ (ਅੰਗ-੫੪੭)



## ਰਾਗੁ ਸੂਹੀ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਸ** | **.ਨ** | **.ਧ** | **.ਨ** | **ਸ** | **ਸ** | **ਸ** | **ਸ** | **ਗ** | **ਰ** | **ਗ** | **ਮ** | **ਗ** | **ਰ** | **ਸ** | **ਸ** |
| ਸੁ | ਣਿ | ਬੇ | ਨ | ਤੀ | S | ਪ੍ਰ | ਭ | ਦੀ | S | ਨ | ਦਇ | ਆ | S | ਲਾ | S |
| 0 | | | | 3 | | | | x | | | | 2 | | | |
| **ਪ** | **ਪ** | **ਪ** | **ਪ** | **ਪਧ** | **ਨੁ** | **ਨੁ** | **ਧ** | **ਪ** | **ਪਧ** | **ਪ** | **ਮ** | **ਗ** | **ਰ** | **ਸ** | **ਸ** |
| ਸਾ | S | ਧ | ਗਾ | ਵਹਿ | S | ਗੁ | ਣ | ਸ | ਦਾS | S | ਰ | ਸਾ | S | ਲਾ | S |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਪ** | **ਪ** | **ਪ** | **ਪ** | **ਪਧ** | **ਨੁ** | **ਨੁ** | **ਧ** | **ਧਨ** | **ਸਂ** | **ਸਂ** | **ਸਂ** | **ਸਂ** | **ਰਂ** | **ਸਂ** | **ਸਂ** |
| ਸੇ | S | S | ਸੰ | ਜੋS | S | ਗ | ਕ | ਰਹੁ | S | ਮੇ | ਰੇ | ਪਿਆ | S | ਰੇ | S |
| 0 | | | | 3 | | | | X | | | | 2 | | | |
| **ਸਂ** | **ਰਂ** | **ਗਂ** | **ਮਂ** | **ਗਂ** | **ਰਂ** | **ਸਂ** | **ਸਂ** | **ਪ** | **ਪਧ** | **ਪ** | **ਮ** | **ਗ** | **ਰ** | **ਸ** | **ਸ** |
| ਜਿ | ਤੁ | ਰ | ਸ | ਨਾ | S | ਹ | ਰਿ | ਨਾ | SS | ਮੁ | ਉ | ਚਾ | S | ਰੇ | S |

### ਸਥਾਈ ਦੀਆਂ ਤਾਨਾਂ

| | | | | | | | | |
|---|---|---|---|---|---|---|---|---|
| ੧. | ਸਨ਼ | .ਧਨ਼ | ਸਰ | ਸ | ਗਰ | ਗਮ | ਗਰ | ਸ |
| | X | | | | 2 | | | |
| ੨. | ਸਰ | ਗਮ | ਪਮ | ਗ | ਗਰ | ਗਮ | ਗਰ | ਸ |
| | X | | | | 2 | | | |
| ੩. | ਪਧ | ਨੁਧ | ਪਧ | ਪ | ਗਰ | ਗਮ | ਗਰ | ਸ |
| | X | | | | 2 | | | |

### ਅੰਤਰੇ ਦੀਆਂ ਤਾਨਾਂ

| | | | | | | | | |
|---|---|---|---|---|---|---|---|---|
| ੧. | ਸਰ | ਗਮ | ਪਧ | ਨੁਧ | ਧਨ | ਸਂਨ | ਸਂ | ਸਂ |
| | x | | | | 2 | | | |
| ੨. | ਪਧ | ਨੁਧ | ਪਧ | ਪ | ਧਨ | ਸਂਨ | ਸਂ | ਸਂ |
| | X | | | | 2 | | | |
| ੩. | ਸਂਰਂ | ਗਂਮਂ | ਗਂਰਂ | ਸਂ | ਪਧ | ਪਮ | ਗਰ | ਸ |
| | x | | | | 2 | | | |

## ਬਿਲਾਵਲ ਮਹਲਾ ੫ ॥

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥**

**ਬਿਨੁ ਰਸੁ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥**

**ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ॥**

**ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ॥੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮●੨-੩)**

**(ਅੰਮ੍ਰਿਤ ਕੀਰਤਨ ਅੰਗ ੪੧੧)**

### ਭਾਵ-ਅਰਥ

ਹੇ ਸਖੀਏ! ਵਿਸ਼ੇ ਵਿਕਾਰਾਂ ਦਾ ਬੇ-ਸੁਆਦਾ ਪਾਣੀ ਪੀਣਾ ਛੱਡ ਦੇ। ਸਦਾ ਨਾਮ ਦਾ ਅੰਮ੍ਰਿਤ ਪੀਆ ਕਰ ਜੋ ਬਹੁਤ ਸੁਆਦਲਾ ਹੈ। ਨਾਮ ਅੰਮ੍ਰਿਤ ਦਾ ਸੁਆਦ ਨਾ ਚੱਖਣ ਕਰਕੇ ਸਾਰੀ ਸ੍ਰਿਸ਼ਟੀ ਵਿਸ਼ੇ ਵਿਕਾਰਾਂ ਵਿੱਚ ਡੁੱਬ ਰਹੀ ਹੈ ਤੇ ਜਿਸ ਕਰਕੇ ਜਿੰਦ ਸੁਖੀ ਨਹੀਂ ਹੁੰਦੀ। ਕੋਈ ਹੋਰ ਆਸਰਾ, ਕੋਈ ਵਡੱਪਣ, ਕੋਈ ਤਾਕਤ ਨਾਮ ਅੰਮ੍ਰਿਤ ਦੀ ਪ੍ਰਾਪਤੀ ਦਾ ਸਾਧਨ ਨਹੀਂ ਬਣ ਸਕਦੇ। ਹੇ ਸਹੇਲੀਏ! ਨਾਮ-ਰਸ ਦੀ ਪ੍ਰਾਪਤੀ ਵਾਸਤੇ ਗੁਰਮੁੱਖਾਂ ਦੀ ਦਾਸੀ ਬਣੀ ਰਹੁ।

ਹੇ ਨਾਨਕ! ਪ੍ਰਭੂ ਦੇ ਦਰ ਤੇ ਉਹ ਬੰਦੇ ਸ਼ੋਭਾ ਪ੍ਰਾਪਤ ਕਰਦੇ ਹਨ, ਜਿਨ੍ਹਾਂ ਨੂੰ ਪਿਆਰੇ ਪ੍ਰਭੂ ਨੇ ਆਪ ਹੀ ਸ਼ੋਭਾ ਬਖਸ਼ੀ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਕਵਨ ਸੰਜੋਗ ਮਿਲਉ ਪ੍ਰਭ (ਅੰਗ-੭●)

੨. ਦੋਵੈ ਥਾਵ ਰਖੇ ਗੁਰ ਸੂਰੇ (ਅੰਗ-੧੯੯)



## ਰਾਗੁ ਖਿਲਾਵਲ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਸਂ** | **ਸਂ** | **ਨ** | **ਸਂ** | **ਧ** | **ਧ** | **ਪ** | **ਪ** | **ਮ** | **ਗ** | **ਰ** | **ਗ** | **ਮ** | **ਮ** | **ਪ** | **ਪ** |
| ਬਿ | ਖੈ | ਬ | ਨੁ | ਫੀ | s | ਕਾ | s | ਤਿਆ | s | ਗਿ | ਰੀ | ਸ | ਖੀ | ਏ | s |
| 0 | | | | 3 | | | | x | | | | 2 | | | |
| **ਰ** | **ਰ** | **ਗ** | **ਗ** | **ਮ** | **ਮ** | **ਪ** | **ਪ** | **ਗ** | **ਗ** | **ਮ** | **ਮ** | **ਰ** | **ਰ** | **ਸ** | **ਸ** |
| ਨਾ | s | ਮੁ | ਮ | ਹਾ | s | ਰ | ਸੁ | ਪੀ | s | s | s | ਉ | s | s | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਪ** | **ਪ** | **ਪ** | **ਪ** | **ਨ** | **ਧ** | **ਨ** | **ਨ** | **ਸਂ** | **ਸਂ** | **ਸਂ** | **ਸਂ** | **ਸਂ** | **ਰਂ** | **ਸਂ** | **ਸਂ** |
| ਬਿ | ਨੁ | ਰ | ਸੁ | ਚਾ | s | ਖੇ | s | ਬੁ | ਡਿ | ਗ | ਈ | ਸ | ਗ | ਲੀ | s |
| 0 | | | | 3 | | | | x | | | | 2 | | | |
| **ਸਂ** | **ਸਂ** | **ਸਂ** | **ਨ** | **ਧ** | **ਨ** | **ਸਂ** | **ਰਂ** | **ਨ** | **ਨ** | **ਸਂ** | **ਸਂ** | **ਧ** | **ਧ** | **ਪ** | **ਪ** |
| ਸੁ | s | ਖੀ | ਨ | ਹੋ | s | ਵ | ਤ | ਜੀ | s | s | s | ਉ | s | s | s |

### ਸਥਾਈ ਦੀਆਂ ਤਾਨਾਂ

| | | | | |
|---|---|---|---|---|
| ੧. | ਸਰ ਗਪ ਮਗ ਰਗ (X) | ਪਮ ਗਰ ਸ਼ਨ ਸ (2) | | |
| ੨. | ਰਗ ਪਮ ਗਰ ਗ (X) | ਗਪ ਧਨ ਸਂ ਸਂ (2) | | |
| ੩. | ਗਪ ਧਨ ਸਂ ਸਂ (X) | ਸਂਰਂ ਸਂਨ ਧ ਪ (2) | ਗਪ ਮਗ ਰ ਗ (0) | ਪਮ ਗਰ ਸਨ ਸ (3) |

**( ਬਿਖੈ ਬਨੁ ਫੀਕਾ ਤਿਆਗਿ - ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਸਂਰਂ ਗਂਮਂ ਗਂਰਂ ਸਂ (x) | ਸਂਰਂ ਸਂਨ ਧਧ ਪ (2) | | |
| ੨. | ਸਂਰਂ ਸਂਨ ਧਧ ਪ (x) | ਮਗ ਰਗ ਪਮ ਗ (2) | ਗਪ ਧਨ ਸਂ ਸਂ (0) | |
| ੩. | ਸਰ ਸਰ ਗਰ ਗਪ (x) | ਗਪ ਧਪ ਧਨ ਧਨ (2) | ਸਂਰਂ ਗਂਮ ਗਂਰਂ ਸਂ (0) | ਗਂਰਂ ਸਂ ਗਂਰਂ ਸਂ (3) |

**(ਬਿਨੁ ਰਸੁ ਚਾਖੇ - ਇੱਕ ਵਾਰੀ ਦੁੱਗਣ ਵਿੱਚ)**

**(ਬਿਨੁ ਰਸੁ ਚਾਖੇ ਬੁਡਿ ਗਈ - ਤਿੰਨ ਵਾਰੀ ਦੁੱਗਣ ਵਿੱਚ)**

# ਰਾਗੁ ਗੋਂਡ ਬਾਣੀ ਭਗਤ ਕੀ ਕਬੀਰ ਜੀ ਘਰ ੧ ॥

## ੧ਓ ਸਤਿਗੁਰ ਪ੍ਰਸਾਦਿ

**ਸੰਤੁ ਮਿਲੈ ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ ਮਸਟਿ ਕਰਿ ਰਹੀਐ॥੧॥**

**ਬਾਬਾ ਬੋਲਨਾ ਕਿਆ ਕਹੀਐ॥ ਜੈਸੇ ਰਾਮ ਨਾਮ ਰਵਿ ਰਹੀਐ॥੧॥ਰਹਾਉ॥**

**ਸੰਤਨ ਸਿਉ ਬੋਲੇ ਉਪਕਾਰੀ॥ ਮੂਰਖ ਸਿਉ ਬੋਲੇ ਝਖ ਮਾਰੀ॥੨॥**

**ਬੋਲਤ ਬੋਲਤ ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥੩॥**

**ਕਹੁ ਕਬੀਰ ਛੂਛਾ ਘਟੁ ਬੋਲੈ॥ ਭਰਿਆ ਹੋਇ ਸੁ ਕਬਹੁ ਨਾ ਡੋਲੈ॥੪॥੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੭੦)**

### ਭਾਵ-ਅਰਥ

੧. ਜੇ ਕੋਈ ਭਲਾ ਪੁਰਸ਼ ਮਿਲ ਪਏ ਤਾਂ ਉਸ ਦੀ ਸਿੱਖਿਆ ਸੁਣਨੀ ਚਾਹੀਦੀ ਹੈ ਪਰ ਜੇ ਕੋਈ ਭੈੜਾ ਪੁਰਸ਼ ਮਿਲ ਜਾਏ ਤਾਂ ਉਥੇ ਚੁੱਪ ਰਹਿਣਾ ਹੀ ਠੀਕ ਹੈ। ਹੇ ਭਾਈ,ਜਗਤ ਵਿੱਚ ਰਹਿੰਦਿਆਂ ਕਿਹੋ ਜਿਹੇ ਬੋਲ ਬੋਲੀਏ, ਜਿਨ੍ਹਾਂ ਦੀ ਬਰਕਤ ਨਾਲ ਪਰਮਾਤਮਾ ਦੇ ਨਾਮ ਵਿੱਚ ਸੁਰਤ ਟਿਕੀ ਰਹੇ। ਰਹਾਉ।

੨. ਭਲੇ ਪੁਰਸ਼ਾਂ ਨਾਲ ਗੱਲਬਾਤ ਕੀਤਿਆਂ ਕੋਈ ਭਲਾਈ ਦੀ ਹੀ ਗੱਲ ਨਿਕਲੇਗੀ ਤੇ ਮੂਰਖ ਨਾਲ ਬੋਲਿਆਂ ਸਮਾਂ ਵਿਅਰਥ ਹੀ ਹੋਵੇਗਾ।

੩. ਮੂਰਖਾਂ ਨਾਲ ਗੱਲਾਂ ਕਰਨ ਨਾਲ, ਵਿਕਾਰ ਹੀ ਵਿਕਾਰ ਵੱਧਦੇ ਹਨ। ਜੇ ਭਲੇ ਪੁਰਸ਼ਾਂ ਨਾਲ ਹੀ ਨਹੀਂ ਬੋਲਾਂਗੇ, ਜਾਂ ਉਨ੍ਹਾਂ ਪਾਸ ਨਹੀਂ ਬੈਠਾਂਗੇ ਤਾਂ ਵਿਚਾਰ ਦੀਆਂ ਗੱਲਾਂ ਕਿਵੇਂ ਕਰ ਸਕਦੇ ਹਾਂ

੪. ਹੇ ਕਬੀਰ! ਸੱਚੀ ਗੱਲ ਇਹ ਹੈ ਕਿ ਜਿਵੇਂ ਖਾਲੀ ਘੜਾ ਬੋਲਦਾ ਹੈ, ਜੇ ਭਰਿਆ ਹੋਵੇ ਤਾਂ ਨਹੀਂ ਬੋਲਦਾ। ਇਸੇ ਤਰ੍ਹਾਂ ਫਾਲਤੂ ਗੱਲਾਂ ਗੁਣ-ਹੀਨ ਮਨੁੱਖ ਹੀ ਕਰਦਾ ਹੈ। ਜੋ ਗੁਣਵਾਨ ਹੈ, ਉਹ ਅਡੋਲ ਰਹਿੰਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਗੁਰੁ ਪਰਮੇਸਰੁ ਏਕੋ ਜਾਣੁ (ਅੰਗ-੨੧੬)

੨. ਜਾ ਕੈ ਸੰਗਿ ਇਹੁ ਮਨੁ (ਅੰਗ-੩੧੨)



# ਰਾਗੁ ਗੋਂਡ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **.ਨ** | **.ਧ** | **.ਨ** | **ਰ** | **ਗ** | **ਗ** | **ਮ** | **ਮ** | **ਪ** | **ਧ** | **ਮ** | **ਮ** | **ਗ** | **ਗ** | **ਮ** | **ਮ** |
| ਬਾ | ऽ | ਬਾ | ऽ | ਬੋ | ਲ | ਨਾ | ऽ | ਕਿ | ਆ | ऽ | ऽ | ਕ | ਹੀ | ਐ | ऽ |
| 0 | | | | 3 | | | | x | | | | 2 | | | |
| **ਪ** | **ਧ** | **ਨ** | **ਪ** | **ਧ** | **ਧ** | **ਪ** | **ਪ** | **ਗ** | **ਰ** | **ਗ** | **ਮ** | **ਗ** | **ਰ** | **ਸ** | **ਸ** |
| ਜੈ | ऽ | ਸੇ | ऽ | ਰਾ | ऽ | ਮ | ऽ | ਨਾ | ਮ | ਰ | ਵਿ | ਰ | ਹੀ | ਐ | ऽ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਨ** | **ਧ** | **ਨ** | **ਪ** | **ਧ** | **ਨ** | **ਸਂ** | **ਸਂ** | **ਸਂ** | **ਰਂ** | **ਗਂ** | **ਮਂ** | **ਗਂ** | **ਰਂ** | **ਸਂ** | **ਸਂ** |
| ਸੰ | ऽ | ਤੁ | ਮਿ | ਲੈ | ऽ | ਕਿ | ਛ | ਸੁ | ਨੀ | ਐ | ऽ | ਕ | ਹੀ | ਐ | ऽ |
| 0 | | | | 3 | | | | x | | | | 2 | | | |
| **ਸਂ** | **ਰਂ** | **ਨ** | **ਸਂ** | **ਧ** | **ਨ** | **ਪ** | **ਪ** | **ਪ** | **ਧ** | **ਮ** | **ਪ** | **ਗ** | **ਗ** | **ਮ** | **ਮ** |
| ਮਿ | ऽ | ਲੈ | ਅ | ਸੰ | ऽ | ਤੁ | ऽ | ਮਸ | ਟਿ | ਕ | ਰਿ | ਰ | ਹੀ | ਐ | ऽ |

**ਮਿਲੈ ਅਸੰਤੁ ਮਸਟਿ ਕਰਿ ਰਹੀਐ.......(ਸਥਾਈ ਦੀ ਦੂਜੀ ਲਾਈਨ ਅਨੁਸਾਰ)**

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. .ਨ਼ਧ .ਨਰ ਗਗ ਮਮ<br>X | ਪਧ ਮਮ ਗਗ ਮਮ<br>2 | | |
| ੨. .ਨਰ ਗਮ ਪਮ ਗਮ<br>X | ਪਧ ਨਨ ਪਧ ਪਪ<br>2 | ਗਰ ਗਮ ਗਰ ਸਸ<br>0 | |
| ੩. ਨਧ ਨਪ ਧਧ ਪਪ<br>X | ਪਧ ਨਨ ਪਧ ਪਪ<br>2 | ਗਰ ਗਮ ਗਰ ਸਸ<br>0 | .ਨ਼ਧ .ਨਰ ਗਗ ਮਮ<br>3 |

**( ਬਾਬਾ ਬੋਲਨਾ - ਇੱਕ ਵਾਰੀ ਦੁੱਗਣ ਵਿੱਚ)** (for ੨)

**( ਬਾਬਾ ਬੋਲਨਾ ਕਿਆ - ਤਿੰਨ ਵਾਰੀ ਦੁੱਗਣ ਵਿੱਚ)** (for ੩)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਨਧ ਨਪ ਧਨ ਸਂਸਂ<br>x | ਨਧ ਨਪ ਧਧ ਪਪ<br>2 | | |
| ੨. ਪਰਂ ਸਂਰਂ ਨਸਂ ਧਪ<br>x | ਪਧ ਪਮ ਗਗ ਮ<br>2 | | |
| ੩. ਸਂਰਂ ਗਂਮਂ ਗਂਰਂ ਸਂ<br>x | ਪਧ ਪਮ ਗਗ ਮ<br>2 | ਸਰ ਗਮ ਗਰ ਸ<br>0 | .ਨ਼ਧ .ਨਰ ਗਗ ਮ<br>3 |

**(ਸੰਤੁ ਮਿਲੈ ਕਿਛੁ ਸੁਨੀਐ - ਤਿੰਨ ਵਾਰੀ ਦੁੱਗਣ ਵਿੱਚ)**

# ਰਾਗੁ ਰਾਮਕਲੀ ਮਹਲਾ ੯ ਤਿਪਦੇ ॥

**ਰੇ ਮਨ ਓਟ ਲੇਹੁ ਹਰਿ ਨਾਮਾ॥**
**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥੧॥ਰਹਾਉ॥**
**ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ॥**
**ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ॥੧॥**
**ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥**
**ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥੨॥**
**ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ॥**
**ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ॥੩॥੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੦੧-੦੨), (ਅੰਮ੍ਰਿਤ ਕੀਰਤਨ ਅੰਗ ੩੬੯)**

## ਭਾਵ-ਅਰਥ

ਹੇ ਮਨ! ਪਰਮਾਤਮਾ ਦੇ ਨਾਮ ਦਾ ਆਸਰਾ ਲਿਆ ਕਰ, ਜਿਸ ਨਾਮ ਦੇ ਸਿਮਰਨ ਨਾਲ ਖੋਟੀ ਮੱਤ ਨਾਸ ਹੋ ਜਾਂਦੀ ਹੈ। ਨਾਮ ਦੀ ਬਰਕਤ ਨਾਲ ਮਨੁੱਖ ਆਤਮਿਕ ਦਰਜਾ ਹਾਸਿਲ ਕਰ ਲਏਗਾ ਤੇ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ ।ਰਹਾਉ।

੧. ਜਿਹੜਾ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ, ਉਸਨੂੰ ਵੱਡੇ ਭਾਗਾਂ ਵਾਲਾ ਸਮਝ ਲਉ। ਉਹ ਮਨੁੱਖ ਅਨੇਕਾਂ ਜਨਮਾਂ ਦੇ ਪਾਪ ਦੂਰ ਕਰਕੇ ਫਿਰ ਬੈਕੁੰਠ ਵਿੱਚ ਜਾ ਪਹੁੰਚਦਾ ਹੈ।

੨. ਮਿਸਾਲ ਵਜੋਂ ਅਖੀਰਲੇ ਵੇਲੇ ਜਦੋਂ ਅਜਾਮਲ ਪਾਪੀ ਨੂੰ ਪਰਮਾਤਮਾ ਦੇ ਨਾਮ ਦੀ ਸੂਝ ਆ ਗਈ, ਤਾਂ ਉਸਨੇ ਉਹ ਉੱਚੀ ਆਤਮਿਕ-ਅਵੱਸਥਾ ਇੱਕ ਪਲਕ ਵਿੱਚ ਹਾਸਿਲ ਕਰ ਲਈ। ਜਿਸ ਆਤਮਿਕ-ਅਵੱਸਥਾ ਨੂੰ ਵੱਡੇ-ਵੱਡੇ ਜੋਗੀ ਤਾਂਘਦੇ ਰਹਿੰਦੇ ਹਨ।

੩. ਇੱਕ ਗੰਧਰਵ ਜੋ ਕਿਸੇ ਰਿਸ਼ੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ ਉਸ ਹਾਥੀ ਨੂੰ ਇੱਕ ਭੇਡੂ ਨੇ ਆਪਣੀਆਂ ਤੰਦਾਂ ਵਿੱਚ ਫੜ ਲਿਆ। ਹਾਥੀ ਵਿੱਚ ਨਾ ਕੋਈ ਗੁਣ ਸੀ,ਨਾ ਹੀ ਉਸਨੇ ਕੋਈ ਵਿੱਦਿਆ ਪ੍ਰਾਪਤ ਕੀਤੀ ਸੀ, ਪਰ ਪਰਮਾਤਮਾ ਨੇ ਉਸ ਹਾਥੀ ਨੂੰ ਨਿਰਭੈਤਾ ਦੀ ਪਦਵੀ ਬਖਸ਼ ਦਿੱਤੀ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਹਮ ਡੋਲਤ ਬੇੜੀ ਪਾਪ (ਅੰਗ-੮੨)
੨. ਕਿਰਪਾ ਕਰਹੁ ਦੀਨ ਕੇ ਦਾਤੇ (ਅੰਗ-੧੦੩)



# ਰਾਗੁ ਰਾਮਕਲੀ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਮ** | **ਪ** | **ਪ** | **ਪ** | **ਪ** | **ਧੁ** | **ਸਂ** | **ਨ** | **ਧੁ** | **ਧੁ** | **ਪ** | **ਪ** | **ਮ॑** | **ਪ** | **ਮ** | **ਗ** |
| ਰੇ | ऽ | ਮ | ਨ | ਓ | ऽ | ਟ | ਲੇ | ਹੁ | ऽ | ਹ | ਰਿ | ਨਾ | ऽ | ਮਾ | ऽ |
| 0 | | | | 3 | | | | x | | | | 2 | | | |
| **ਧੁ** | **ਧੁ** | **ਧੁ** | **ਧੁ** | **ਪ** | **ਪ** | **ਮ॑** | **ਪ** | **ਗ** | **ਗ** | **ਪ** | **ਗ** | **ਰੁ** | **ਰੁ** | **ਸ** | **ਸ** |
| ਜਾ | ऽ | ਕੈ | ऽ | ਸਿ | ਮ | ਰ | ਨਿ | ਦੁ | ਰ | ਮ | ਤਿ | ਨਾ | ऽ | ਸੈ | ऽ |
| **ਮ** | **ਮ** | **ਗ** | **ਮ** | **ਪ** | **ਪ** | **ਪ** | **ਧੁ** | **ਸਂ** | **ਸਂ** | **ਸਂ** | **ਨ** | **ਧੁ** | **–** | **ਪ** | **–** |
| ਪਾ | ऽ | ਵ | ਹਿ | ਪ | ਦੁ | ਨਿ | ਰ | ਬਾ | ऽ | ऽ | ऽ | ਨਾ | ऽ | ऽ | ऽ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਮ** | **ਮ** | **ਪ** | **ਪ** | **ਧੁ** | **ਧੁ** | **ਨ** | **ਨ** | **ਸਂ** | **ਸਂ** | **ਰੁਂ** | **ਸਂ** | **ਨ** | **ਨ** | **ਸਂ** | **ਸਂ** |
| ਬ | ਡ | ਭਾ | ऽ | ਗੀ | ऽ | ਤਿ | ਹ | ਜ | ਨ | ਕ | ਉ | ਜਾ | ऽ | ਨ | ਹੁ |
| 0 | | | | 3 | | | | x | | | | 2 | | | |
| **ਸਂ** | **ਨ** | **ਧੁ** | **ਨੁ** | **ਧੁ** | **ਪ** | **ਮ॑** | **ਪ** | **ਗ** | **ਗ** | **ਮ** | **ਗ** | **ਰੁ** | **–** | **ਸ** | **–** |
| ਜੋ | ऽ | ਹ | ਰਿ | ਕੇ | ऽ | ਗੁ | ਨ | ਗਾ | ऽ | ऽ | ऽ | ਵੈ | ऽ | ऽ | ऽ |

## ਸਥਾਈ ਦੀਆਂ ਤਾਨਾਂ

| | | | | |
|---|---|---|---|---|
| ੧. | ਮ॑ਪ ਧੁਨੁ ਧੁਪ ਮ॑ਪ<br>X | ਗਮ ਪਮ ਗਰੁ ਸ<br>2 | | |
| ੨. | .ਨੁਸ ਗਮ ਪਮ ਗਮ<br>X | ਮ॑ਪ ਧੁਨੁ ਧੁਪ ਮ॑ਪ<br>2 | ਗਮ ਪਮ ਗਰੁ ਸਸ<br>0 | |
| ੩. | .ਨੁਸ ਗਮ ਪਮ ਗਮ<br>X | ਮ॑ਪ ਧੁਨੁ ਸਂਨ ਧੁਨ<br>2 | ਸਂਰੁਂ ਸਂਨ ਧੁਨੁ ਧੁਪ<br>0 | ਗਮ ਪਮ ਗਰੁ ਸ<br>3 |

**( ਰੇ ਮਨ ਓਟ - ਇੱਕ ਵਾਰੀ ਦੁੱਗਣ ਵਿੱਚ)**

**( ਰੇ ਮਨ ਓਟ ਲੇਹੁ ਹਰਿ - ਤਿੰਨ ਵਾਰੀ ਦੁੱਗਣ ਵਿੱਚ)**

## ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਪਧੁ ਨਸਂ ਰੁਂਰੁਂ ਸਂ<br>0 | ਸਂਰੁਂ ਗਂਗਂ ਰੁਂਗਂ ਰੁਂਸਂ<br>3 | ਸਂਨ ਧੁਨੁ ਧੁਪ ਮ॑ਪ<br>x | ਗਮ ਪਮ ਗਰੁ ਸ<br>2 |
| ੨. | .ਨੁਸ ਗਗ ਸਗ ਮਮ<br>0 | ਗਮ ਪਪ ਮ॑ਪ ਧੁਨ<br>3 | ਧੁਪ ਮ॑ਪ ਨੁਨੁ ਧੁਪ<br>x | ਮਗ ਰੁਸ .ਨਰੁ ਸ<br>2 |
| ੩. | ਸ- ਰੁਸ ਰੁ- ਗਰੁ<br>x | ਗ- ਮਗ ਮ॑- ਪਮ॑<br>2 | ਪ- ਧੁਪ ਧੁ- ਨਧੁ<br>0 | ਨੁ- ਸਂਨ ਸਂ ਸਂ<br>3 |

**(ਬਡਭਾਗੀ ਤਿਹ ਜਨ ਕਉ - ਤਿੰਨ ਵਾਰੀ ਦੁੱਗਣ ਵਿੱਚ)**

## ਰਾਗੁ ਨਟ ਨਾਰਾਇਨ ਮਹਲਾ ੪

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ**

**ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ॥**
**ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ॥੧॥ਰਹਾਉ॥**
**ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ॥**
**ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ॥੧॥**
**ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ॥**
**ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ॥੨॥**
**ਵਡਭਾਗੀ ਹਰਿ ਨਾਮ ਧਿਆਵਹਿ ਹਰਿ ਕੇ ਭਗਤ ਹਰੇ॥**
**ਤਿਨ ਕੀ ਸੰਗਤਿ ਦੇਹਿ ਪ੍ਰਭੁ ਜਾਚਉ ਮੈ ਮੂੜ ਮੁਗਧ ਨਿਸਤਰੇ॥੩॥**
**ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ ਰਖਿ ਲੇਵਹੁ ਸਰਨਿ ਪਰੇ॥**
**ਨਾਨਕੁ ਜਨੁ ਤੁਮਰੀ ਸਰਨਾਈ ਹਰਿ ਰਾਖਹੁ ਲਾਜ ਹਰੇ॥੪॥੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੭੫)**

### ਭਾਵ-ਅਰਥ

ਹੇ ਮੇਰੇ ਮਨ! ਦਿਨ ਰਾਤ ਪਰਮਾਤਮਾ ਦਾ ਨਾਮ ਜਪਿਆ ਕਰ। ਜੇ ਅਨੇਕਾਂ ਪਾਪ ਭੀ ਕੀਤੇ ਹੋਣ ਤਾਂ ਪਰਮਾਤਮਾ ਦਾ ਨਾਮ ਸਭਨਾਂ ਨੂੰ ਦੂਰ ਕਰਕੇ ਮਨੁੱਖ ਦੇ ਹਿਰਦੇ ਵਿੱਚੋਂ ਲਾਹ ਕੇ ਸੁੱਟ ਦਿੰਦਾ ਹੈ। ਰਹਾਉ।

੧. ਹੇ ਮੇਰੇ ਮਨ! ਜਿਹੜੇ ਮਨੁੱਖ ਸੇਵਕ ਭਾਵਨਾ ਨਾਲ ਪਰਮਾਤਮਾ ਦਾ ਨਾਮ ਜਪਦੇ, ਅਰਾਧਦੇ ਹਨ, ਉਹ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ,ਨਾਮ ਜਪਣ ਨਾਲ ਉਨ੍ਹਾਂ ਅੰਦਰੋਂ ਸਾਰੇ ਵਿਕਾਰ ਇਸ ਤਰ੍ਹਾਂ ਨਿਕਲ ਜਾਂਦੇ ਹਨ ਜਿਵੇਂ ਪਾਣੀ ਕੱਪੜਿਆਂ ਦੀ ਮੈਲ ਦੂਰ ਕਰ ਦਿੰਦਾ ਹੈ।

੨. ਜਿਹੜੇ ਮਨੁੱਖ ਹਰ ਵੇਲੇ ਉਸ ਦੀ ਸਿਫਤ-ਸਲਾਹ ਦੇ ਗੀਤ ਗਾਂਦੇ ਹਨ ਤੇ ਪਰਮਾਤਮਾ ਦਾ ਨਾਮ ਉਚਾਰਦੇ ਰਹਿੰਦੇ ਹਨ, ਪੰਜ ਵਿਕਾਰ ਜੋ ਕਾਬੂ ਵਿੱਚ ਨਹੀਂ ਆਉਂਦੇ ਪਰਮਾਤਮਾ ਦਾ ਨਾਮ ਇੱਕ ਪਲ ਵਿੱਚ ਹੀ ਦੂਰ ਕਰ ਦਿੰਦਾ ਹੈ।

੩. ਪਰਮਾਤਮਾ ਦੀ ਭਗਤੀ ਕਰਨ ਵਾਲੇ ਬੰਦੇ ਵੱਡੇ ਭਾਗਾਂ ਵਾਲੇ ਹੁੰਦੇ ਹਨ, ਇਹੋ ਜਿਹੇ ਭਗਤਾਂ ਦੀ ਮੈਨੂੰ ਸੰਗਤ ਬਖਸ਼ੋ ਤਾਂ ਜੋ ਮੇਰੇ ਵਰਗੇ ਅਨੇਕਾਂ ਮੂਰਖ ਉਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਸੰਸਾਰ ਦੇ ਸਮੁੰਦਰ ਤੋਂ ਪਾਰ ਲੰਘ ਸਕਣ।

੪. ਹੇ ਜਗਤ ਦੇ ਮਾਲਕ ਪ੍ਰਭੂ ਮਿਹਰ ਕਰ! ਮੈਂ ਤੇਰੀ ਸ਼ਰਨ ਪਿਆ ਹਾਂ। ਮੈਨੂੰ ਇਨ੍ਹਾਂ ਵਿਕਾਰਾਂ ਤੋਂ ਬਚਾ ਲੈ। ਹੇ ਹਰੀ! ਤੇਰਾ ਦਾਸ ਨਾਨਕ ਤੇਰੀ ਸ਼ਰਨ ਆਇਆ ਹੈ, ਇੱਜ਼ਤ ਰੱਖ ਲੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਮੇਰੇ ਮਨ ਸੇਵ ਸਫਲ ਹਰਿ ਘਾਲ (ਅੰਗ-੨੩੪)
੨. ਉਲਾਹਨੋ ਮੈ ਕਾਹੂ ਨ ਦੀਓ (ਅੰਗ-੭੭੨)



## ਰਾਗੁ ਨਟ-ਨਾਰਾਇਨ (ਤੀਨ ਤਾਲ)

ਸਥਾਈ

| | | | |
|---|---|---|---|
| **ਮ ਗ ਮ ਰ** | **ਸ ਰ ਸ ਸ** | **ਪ – ਪ ਪ** | **ਧ ਮ̍ ਪ –** |
| ਮੇ ਰੇ ਮ ਨ | ਜ ਪਿ ਅਹਿ ਨਿਸਿ | ਨਾ ऽ ਮੁ ਹ | ਰੇ ऽ ऽ ऽ |
| 0 | 3 | x | 2 |
| **ਮ ਰ ਮ̍ ਪ** | **ਪ ਮ̍ ਧ ਪ** | **ਮ ਗ ਮ ਰ** | **ਸ ਰ ਸ ਸ** |
| ਕੋ ऽ ਟਿ ऽ | ਕੋ ऽ ਟਿ ऽ | ਦੋ ਖ ਬ ਹੁ | ਕੀ ਨੇ ਸ ਭ |
| **ਸਂ ਸਂ ਸਂ ਨ** | **ਧ ਨ ਸਂ ਰਂ** | **ਨ ਨ ਸਂ ਸਂ** | **ਧ ਨ ਪ ਪ** |
| ਪ ਰ ਹ ਰਿ | ਪਾ ऽ ਸ ਧ | ਰੇ ऽ ऽ ऽ | ऽ ऽ ऽ ऽ |

ਅੰਤਰਾ

| | | | |
|---|---|---|---|
| **ਮ ਰ ਮ̍ ਪ** | **ਸਂ ਸਂ ਸਂ ਸਂ** | **ਮਂ ਗਂ ਮਂ ਰਂ** | **ਸਂ ਰਂ ਸਂ ਸਂ** |
| ਹ ਰਿ ਹ ਰਿ | ਨਾ ऽ ਮ ਜ | ਪ ਹਿ ऽ ਆ | ਰਾ ऽ ਧ ਹਿ |
| 0 | 3 | x | 2 |
| **ਸਂ ਸਂ ਸਂ ਨ** | **ਧ ਨ ਸਂ ਰਂ** | **ਨ ਨ ਸਂ ਸਂ** | **ਧ ਨ ਪ ਪ** |
| ਸੇ ऽ ਵ ਕ | ਭਾ ऽ ਇ ਖ | ਰੇ ऽ ऽ ऽ | ऽ ऽ ऽ ऽ |

ਕਿਲਬਿਖ ਦੋਖ ਗਏ ਸਭ ਨੀਕਰਿ..........(ਦੂਸਰੀ ਲਾਈਨ ਅਨੁਸਾਰ)
ਜਿਉ ਪਾਨੀ ਮੈਲੁ ਹਰੇ.....................(ਤੀਸਰੀ ਲਾਈਨ ਅਨੁਸਾਰ)

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਮਗ ਮਰ ਸਰ ਸਸ | ਪਮ̍ ਧਪ ਗਮ ਰਸ | | |
| X | 2 | | |
| ੨. ਗਮ ਰਮ̍ ਪਧ ਮ̍ਪ | ਧਨ ਪਪ ਗਮ ਰਸ | | |
| X | 2 | | |
| ੩. ਮਰ ਮ̍ਪ ਧਮ̍ ਪ | ਗਮ ਰਸ ਰਰ ਸਸ | ਧਨ ਪਪ ਧਮ̍ ਪ | ਗਮ ਰਸ ਰਰ ਸ |
| X | 2 | 0 | 3 |

**( ਮੇਰੇ ਮਨ ਜਪਿ ਅਹਿਨਿਸਿ – ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਮਰ ਮ̍ਪ ਧਨ ਸਂ | ਧਨ ਸਂਰਂ ਨਸਂ ਧਪ | | |
| x | 2 | | |
| ੨. ਮਰ ਮ̍ਪ ਧਮ̍ ਪ | ਸਂਰਂ ਨਸਂ ਧਨ ਪ | ਗਮ ਰਸ ਰਰ ਸ | |
| X | 2 | 0 | |
| ੩. ਰਰ ਸਰ ਰਸ .ਨਸ | ਮਮ ਰਮ ਮਰ ਸਰ | ਪਪ ਮ̍ਪ ਪਮ̍ ਧਪ | ਧਨ ਸਂਰਂ ਨਸਂ ਧਪ |
| ਗਮ ਰਸ ਰਰ ਸ | | | |
| X | 2 | 0 | 3 |

**(ਹਰਿ ਹਰਿ ਨਾਮੁ – ਇੱਕ ਵਾਰੀ ਦੁੱਗਣ ਵਿੱਚ)**

**(ਹਰਿ ਹਰਿ ਨਾਮੁ – ਤਿੰਨ ਵਾਰੀ ਦੁੱਗਣ ਵਿੱਚ)**

## ਰਾਗੁ ਮਾਲੀ ਗਉੜਾ ਮਹਲਾ ੫ ॥

**ਰਾਮ ਨਾਮ ਕਉ ਨਮਸਕਾਰ॥ ਜਾਸੁ ਜਪਤ ਹੋਵਤ ਉਧਾਰ॥੧॥ਰਹਾਉ॥**
**ਜਾ ਕੈ ਸਿਮਰਨਿ ਮਿਟਹਿ ਧੰਧ॥ ਜਾ ਕੈ ਸਿਮਰਨਿ ਛੂਟਹਿ ਬੰਧ॥**
**ਜਾ ਕੈ ਸਿਮਰਨਿ ਮੂਰਖ ਚਤੁਰ॥ ਜਾ ਕੈ ਸਿਮਰਨਿ ਕੁਲਹ ਉਧਰ॥੧॥**
**ਜਾ ਕੈ ਸਿਮਰਨਿ ਭਉ ਦੁਖ ਹਰੈ॥ ਜਾ ਕੈ ਸਿਮਰਨਿ ਅਪਦਾ ਟਰੈ॥**
**ਜਾ ਕੈ ਸਿਮਰਨਿ ਮੁਚਤ ਪਾਪ॥ ਜਾ ਕੈ ਸਿਮਰਨਿ ਨਹੀ ਸੰਤਾਪ॥੨॥**
**ਜਾ ਕੈ ਸਿਮਰਨਿ ਰਿਦ ਬਿਗਾਸ॥ ਜਾ ਕੈ ਸਿਮਰਨਿ ਕਵਲਾ ਦਾਸਿ॥**
**ਜਾ ਕੈ ਸਿਮਰਨਿ ਨਿਧਿ ਨਿਧਾਨ॥ ਜਾ ਕੈ ਸਿਮਰਨਿ ਤਰੇ ਨਿਦਾਨ॥੩॥**
**ਪਤਿਤ ਪਾਵਨੁ ਨਾਮੁ ਹਰੀ॥ ਕੋਟਿ ਭਗਤ ਉਧਾਰੁ ਕਰੀ॥**
**ਹਰਿ ਦਾਸ ਦਾਸਾ ਦੀਨੁ ਸਰਨ॥ ਨਾਨਕ ਮਾਥਾ ਸੰਤ ਚਰਨ॥੪॥੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੮੬), (ਅੰਮ੍ਰਿਤ ਕੀਰਤਨ ਅੰਗ ੮੭੯)**

### ਭਾਵ-ਅਰਥ

ਹੇ ਭਾਈ! ਜਿਸ ਪਰਮਾਤਮਾ ਦਾ ਨਾਮ ਜਪਦਿਆਂ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ, ਉਸ ਦਾ ਨਾਮ ਆਪਣੇ ਹਿਰਦੇ ਵਿੱਚ ਵਸਾਈ ਰੱਖ। ਰਹਾਉ।

੧. ਜਿਸ ਦੇ ਸਿਮਰਨ ਨਾਲ ਮਾਇਆ ਦੇ ਜੰਜਾਲ ਮਿਟ ਜਾਂਦੇ ਹਨ,ਮੋਹ ਦੀਆਂ ਫਾਹੀਆਂ ਟੁੱਟ ਜਾਂਦੀਆਂ ਹਨ, ਮੂਰਖ ਬੰਦੇ ਵੀ ਸਿਆਣੇ ਹੋ ਜਾਂਦੇ ਹਨ,ਸਾਰੀ ਕੁਲ ਦਾ ਹੀ ਪਾਰਉਤਾਰਾ ਹੋ ਜਾਂਦਾ ਹੈ,ਉਸਨੂੰ ਸਦਾ ਨਮਸਕਾਰ ਕਰਦਾ ਰਹੁ।

੨. ਜਿਸ ਦੇ ਸਿਮਰਨ ਦੀ ਬਰਕਤ ਨਾਲ ਮਨੁੱਖ ਹਰੇਕ ਡਰ ਤੇ ਸਾਰੇ ਦੁੱਖ ਦੂਰ ਕਰ ਲੈਂਦਾ ਹੈ, ਹਰੇਕ ਬਿਪਤਾ ਮਨੁੱਖ ਦੇ ਸਿਰ ਤੋਂ ਟਲ ਜਾਂਦੀ ਹੈ,ਸਾਰੇ ਪਾਪਾਂ ਦੀ ਖਲਾਸੀ ਹੋਜਾਂਦੀ ਹੈ,ਕੋਈ ਦੁੱਖ ਕਲੇਸ਼ ਪੋਹ ਨਹੀਂ ਸਕਦਾ।

੩. ਜਿਸ ਦਾ ਸਿਮਰਨ ਕਰਨ ਨਾਲ ਹਿਰਦਾ ਖਿੜਿਆ ਰਹਿੰਦਾ ਹੈ, ਮਾਇਆ ਭੀ ਦਾਸੀ ਬਣ ਜਾਂਦੀ ਹੈ, ਸਾਰੀਆ ਸਿੱਧੀਆਂ ਤੇ ਖਜ਼ਾਨੇ ਮਿਲ ਜਾਂਦੇ ਹਨ ਤੇ ਅੰਤ ਵੇਲੇ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

੪. ਹੇ ਭਾਈ! ਪਰਮਾਤਮਾ ਦਾ ਨਾਮ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ ਹੈ,ਹਰੀ ਨਾਮ ਕਰੋੜਾਂ ਭਗਤਾਂ ਦਾ ਉਧਾਰ ਕਰਦਾ ਹੈ।ਨਾਨਕ ਦਾ ਮੱਥਾ ਭੀ ਸੰਤਾਂ ਦੇ ਚਰਨਾਂ ਉਤੇ ਪਿਆ ਹੈ।ਇਹ ਨਿਮਾਣਾ ਭੀ ਪ੍ਰਭੂ ਦੇ ਦਾਸਾਂ ਦੀ ਸਰਨ ਆਇਆ ਹੈ ਤਾਂ ਕਿ ਨਾਨਕ ਨੂੰ ਵੀ ਪਰਮਾਤਮਾ ਦਾ ਨਾਮ ਮਿਲ ਜਾਏ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਸਭੈ ਘਟਿ ਰਾਮੁ ਬੋਲੈ (ਅੰਗ-੧੪੯)
੨. ਐਸੋ ਸਹਾਈ ਹਰਿ ਕੋ ਨਾਮ (ਅੰਗ-੪੫●)



## ਰਾਗੁ ਮਾਲੀ ਗਉੜਾ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **.ਨ** | **ਰੁ** | **ਗ** | **ਮ** | **ਗ** | **ਰੁ** | **ਸ** | **ਸ** | **.ਨ** | **.ਧ** | **.ਨ** | **.ਨ** | **ਰੁ** | **-** | **ਸ** | **-** |
| ਰਾ | s | ਮ | ਨਾ | s | ਮ | ਕ | ਉ | ਨ | s | ਮ | ਸ | ਕਾ | s | ਰ | s |
| 0 | | | | 3 | | | | x | | | | 2 | | | |
| **ਸ** | **ਸ** | **ਸ** | **ਸ** | **ਪ** | **ਪ** | **ਪ** | **ਪ** | **ਮ॑** | **ਗ** | **ਧੁ** | **ਮ॑** | **ਮ॑** | **ਗ** | **ਰੁ** | **ਸ** |
| ਜਾ | s | ਸੁ | ਜ | ਪ | s | ਤ | s | ਹੋ | ਵ | ਤ | ਉ | ਧਾ | s | ਰ | s |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਗ** | **ਗ** | **ਗ** | **ਗ** | **ਮ॑** | **ਮ॑** | **ਧ** | **ਧ** | **ਸਂ** | **ਸਂ** | **ਸਂ** | **ਸਂ** | **ਨ** | **ਰੁਂ** | **ਸਂ** | **ਸਂ** |
| ਜਾ | s | ਕੈ | s | ਸਿ | ਮ | ਰ | ਨਿ | ਮਿ | s | ਟ | ਹਿ | ਧੰ | s | ਧ | s |
| 0 | | | | 3 | | | | x | | | | 2 | | | |
| **ਨ** | **ਨ** | **ਰੁਂ** | **ਗਂ** | **ਰੁਂ** | **ਰੁਂ** | **ਸਂ** | **ਸਂ** | **ਰੁਂ** | **ਨ** | **ਧੁ** | **ਪ** | **ਗ** | **ਮ॑ਗ** | **ਰੁ** | **ਸ** |
| ਜਾ | s | ਕੈ | s | ਸਿ | ਮ | ਰ | ਨਿ | ਛੂ | s | ਟ | ਹਿ | ਬੰ | ss | ਧ | s |

### ਸਥਾਈ ਦੀਆਂ ਤਾਨਾਂ

| | | | | | | | | | |
|---|---|---|---|---|---|---|---|---|---|
| ੧. | .ਨਧ | .ਨਰ | ਗਗ | ਰਸੁ | ਸਸ | .ਨ਼ਨ | ਰੁਰੁ | ਸ | |
| | X | | | | 2 | | | | |
| ੨. | ਨਰੁ | ਗਮ॑ | ਧੁਮ॑ | ਮ॑ਗ | ਰੁਗ | ਰੁਸ | .ਨ਼ਨ | ਸ | |
| | X | | | | 2 | | | | |
| ੩. | ਪਮ॑ | ਮ॑ਗ | ਧੁਮ॑ | ਮ॑ਗ | ਰੁਗ | ਰੁਸ | .ਨ਼ਨ | ਸ | |
| | X | | | | 2 | | | | |

### ਅੰਤਰੇ ਦੀਆਂ ਤਾਨਾਂ

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| ੧. | ਨਨ | ਰੁਂਗਂ | ਰੁਂਰੁਂ | ਸਂ | ਰੁਂਨ | ਧੁਪ | ਗ | ਮ॑ਗ | | | | | | | | |
| | x | | | | 2 | | | | | | | | | | | |
| ੨. | ਗਗ | ਮ॑ਮ॑ | ਧਧ | ਮ॑ਧ | ਸਂਸਂ | ਨਰੁ | ਸਂਨ | ਸਂ | | | | | | | | |
| | X | | | | 2 | | | | | | | | | | | |
| ੩. | ਸਪ | ਮ॑ਗ | ਮ॑ਧੁ | ਮ॑ਗ | ਰੁਗ | ਰੁਸ | .ਨ਼ਨ | ਸ | ਮ॑ਧ | ਨਸਂ | ਨਧੁ | ਪ | ਮ॑ਗ | ਧੁਮ॑ | ਗਰੁ | ਸ |
| | X | | | | 2 | | | | 0 | | | | 3 | | | |

**(ਜਾ ਕੈ ਸਿਮਰਨਿ ਮਿਟਹਿ - ਤਿੰਨ ਵਾਰੀ ਦੁੱਗਣ ਵਿੱਚ)**

## ਮਾਰੂ ਮਹਲਾ ੯ ॥

**ਅਬ ਮੈ ਕਹਾ ਕਰਉ ਰੀ ਮਾਈ॥**

**ਸਗਲ ਜਨਮ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨਾਈ॥੧॥ਰਹਾਉ॥**

**ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ॥**

**ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ॥੧॥**

**ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ॥**

**ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨਾ ਗਾਈ॥੨॥੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੦੦੮), (ਅੰਮ੍ਰਿਤ ਕੀਰਤਨ ਅੰਗ ੧੦੩)**

**ਭਾਵ-ਅਰਥ**

ਹੇ ਮਾਂ, ਸਮਾਂ ਵਿਅਰਥ ਗਵਾ ਕੇ ਹੁਣ ਮੈਂ ਕੀ ਕਰ ਸਕਦਾ ਹਾਂ, ਕਿਉਂਕਿ ਮੈਂ ਸਾਰੀ ਜਿੰਦਗੀ ਵਿਸ਼ੇ ਵਿਕਾਰਾਂ ਵਿੱਚ ਗਵਾ ਲਈ ਤੇ ਪਰਮਾਤਮਾ ਦਾ ਸਿਮਰਨ ਕਦੇ ਭੀ ਨਾ ਕੀਤਾ। ਰਹਾਉ।

੧. ਹੇ ਮਾਂ! ਜਦੋਂ ਜਮਰਾਜ ਰਾਹੀਂ ਮਨੁੱਖ ਦੇ ਗਲ ਵਿੱਚ ਮੌਤ ਦੀ ਫਾਹੀ ਪਾ ਦਿੱਤੀ ਜਾਂਦੀ ਹੈ ਤਾਂ ਉਹ ਉਸਦੀ ਸਾਰੀ ਸੁੱਧ-ਬੁੱਧ ਭੁਲਾ ਦਿੰਦਾ ਹੈ। ਉਸ ਬਿਪਤਾ ਵਿੱਚ ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਕੋਈ ਵੀ ਮੱਦਦਗਾਰ ਨਹੀਂ ਬਣ ਸਕਦਾ, ਜਮਾਂ ਦੀ ਫਾਹੀ ਤੋਂ, ਆਤਮਿਕ ਮੌਤ ਤੋਂ ਤੇ ਸਹਿਮ ਤੋਂ ਸਿਰਫ ਹਰੀ ਦਾ ਨਾਮ ਹੀ ਬਚਾਉਂਦਾ ਹੈ।

੨. ਹੇ ਮਾਂ! ਜਿਹੜੇ ਮਨੁੱਖ ਧਨ-ਪਦਾਰਥ ਨੂੰ ਆਪਣਾ ਸਮਝਦੇ ਹਨ, ਜਦੋਂ ਮੌਤ ਆਉਂਦੀ ਹੈ,ਉਹ ਧਨ-ਪਦਾਰਥ ਇੱਕ ਖਿਨ ਵਿੱਚ ਬਿਗਾਨੇ ਹੋ ਜਾਂਦੇ ਹਨ। ਉਸ ਵੇਲੇ ਮਨੁੱਖ ਦੇ ਮਨ ਵਿੱਚ ਇਹ ਪਛਤਾਵਾ ਰਹਿ ਜਾਂਦਾ ਹੈ ਕਿ ਪਰਮਾਤਮਾ ਦੀ ਸਿਫਤ-ਸਲਾਹ ਕਦੇ ਵੀ ਕਿਉਂ ਨਹੀਂ ਕੀਤੀ?

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਹਰਿ ਕੋ ਨਾਮੁ ਸਦਾ ਸੁਖਦਾਈ (ਅੰਗ-੩੫੯)

੨. ਆਉ ਜੀ ਤੂ ਆਉ ਹਮਾਰੈ (ਅੰਗ-੫੬੧)



## ਰਾਗੁ ਮਾਰੂ (ਤੀਨ ਤਾਲ)

ਸਥਾਈ

| | | | |
|---|---|---|---|
| **ਸਂ ਸਂ ਸਂ ਸਂ** | **ਨ ਧ ਪ –** | **ਧੁ ਧੁ ਨ ਨ** | **ਸਂ ਸਂ ਸਂ ਸਂ** |
| ਅ ਬ ਮੈ s | ਕ ਹਾ s s | ਕ ਰਉ ਰੀ s | ਮਾ s ਈ s |
| 0 | 3 | x | 2 |
| **ਪ ਪ ਪ ਧ** | **ਨੁ ਨੁ ਧ ਪ** | **ਮੰ ਪ ਪ ਧ** | **ਪ ਮ ਗ ਗ** |
| ਸ ਗ ਲ ਜ | ਨ ਮੁ ਬਿ ਖਿ | ਅ ਨ ਸਿ ਉ | ਖੋ s ਇ ਆ |
| **ਪ ਧ ਪ ਮ** | **ਗ ਰ ਸ .ਨ** | **ਸ – – –** | **ਗ – – –** |
| ਸਿ ਮ ਰਿ ਓ | ਨਾ s ਹਿ ਕ | ਨਾ s s s | ਈ s s s |

ਅੰਤਰਾ

| | | | |
|---|---|---|---|
| **ਮ ਗ ਮ ਪ** | **ਧੁ ਧੁ ਨ ਨ** | **ਸਂ ਸਂ ਨ ਨ** | **ਸਂ ਸਂ ਸਂ ਸਂ** |
| ਕਾ s ਲ ਫਾ | s ਸ ਜ ਬ | ਗ ਰ ਮਹਿ s | ਮੇ s ਲੀ s |
| 0 | 3 | x | 2 |
| **ਨ ਨ ਨ ਨ** | **ਸਂ ਸਂ ਸਂ ਸਂ** | **ਨੁ ਨੁ ਨੁ ਨੁ** | **ਧ ਧ ਪ ਪ** |
| ਤਿ ਹ ਸੁ ਧਿ | ਸ ਭ ਬਿ ਸ | ਰਾ s s s | ਈ s s s |

ਰਾਮ ਨਾਮ ਬਿਨੁ ਯਾ ਸੰਕਟ ਮਹਿ.......(ਸਥਾਈ ਦੀ ਦੂਜੀ ਲਾਈਨ ਅਨੁਸਾਰ)

ਕੋ ਅਬ ਹੋਤ ਸਹਾਈ.......(ਸਥਾਈ ਦੀ ਤੀਜੀ ਲਾਈਨ ਅਨੁਸਾਰ)

**ਸਥਾਈ ਦੀਆਂ ਤਾਨਾਂ**

| | | |
|---|---|---|
| ੧. ਸਂਨੁ ਧਪ ਧਮ ਪ<br>X | ਮਪ ਗਗ ਰਰ ਸ<br>2 | |
| ੨. ਗਮ ਪਧੁ ਨਨ ਸਂ<br>X | ਨੁਪ ਧਮ ਪਮ ਗ<br>2 | |
| ੩. ਸਂਨ ਧਨ ਸਂਰਂ ਸਂ<br>X | ਪਧ ਨੁਧ ਪਧ ਪਮ<br>2 | ਗਮ ਪਮ ਗਰ ਸ<br>0 |

**(ਅਬ ਮੈ ਕਹਾ ਕ - ਇੱਕ ਵਾਰੀ ਦੁੱਗਣ ਵਿੱਚ)**

**ਅੰਤਰੇ ਦੀਆਂ ਤਾਨਾਂ**

| | | | |
|---|---|---|---|
| ੧. ਪਨ ਧਨ ਸਂ ਸਂ<br>x | ਸਂਨ ਧਨੁ ਧਨੁ ਧਪ<br>2 | | |
| ੨. ਸਗ ਮਪ ਨਨ ਸਂ<br>ਮਮ ਪਪ ਮਮ ਗ<br>x | ਗਂਮਂ ਪਂਮਂ ਗਂਮਂ ਗਂਰਂ<br>2 | ਗਂਗਂ ਰਂਸਂ ਨਨ ਸਂ<br>0 | ਮੰਪ ਧੁਨ ਧੁਪ ਮੰਪ<br>3 |
| ੩. ਸਗ ਸਗ ਮਗ ਮਪ<br>x | ਗਮ ਪਧੁ ਨੁਨੁ ਧੁਪ<br>2 | ਪਧ ਪਮ ਗ ਗ<br>0 | ਪਧ ਪਮ ਗਰ ਸ.ਨ<br>3 |

**(ਕਾਲ ਫਾਸ ਜਬ - ਤਿੰਨ ਵਾਰੀ ਦੁੱਗਣ ਵਿੱਚ)**

**(ਕਾਲ ਫਾਸ ਜਬ ਗਰ ਮਹਿ - ਤਿੰਨ ਵਾਰੀ ਦੁੱਗਣ ਵਿੱਚ)**

## ਤੁਖਾਰੀ ਛੰਤ ਮਹਲਾ ੫ ॥

**ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥**

**ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥**

**ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ॥**

**ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ॥**

**ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ॥**

**ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ॥੪॥੧॥੧੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੧੭), (ਅੰਮ੍ਰਿਤ ਕੀਰਤਨ ਅੰਗ ੧●੯)**

**ਭਾਵ-ਅਰਥ**

ਹੇ ਮੇਰੇ ਪ੍ਰਭੂ! ਸੰਤ ਜਨਾਂ ਦੀ ਸ਼ਰਨ ਪੈਣ ਦੀ ਬਰਕਤ ਨਾਲ ਤੂੰ ਮੈਨੂੰ ਗੁਣ-ਹੀਨ ਨੂੰ ਵਿਕਾਰਾਂ ਤੋਂ ਬਚਾ ਲਿਆ ਹੈ, ਸਤਿਗੁਰਾਂ ਨੇ ਮੇਰਾ ਪਾਪੀ ਦਾ ਪੜਦਾ ਢੱਕ ਲਿਆ ਹੈ।

ਹੇ ਸਭ ਜੀਵਾਂ ਦਾ ਪਰਦਾ ਢਕਣ ਵਾਲੇ ਪ੍ਰਭੂ! ਹੇ ਜਿੰਦ ਦੇਣ ਵਾਲੇ! ਹੇ ਪ੍ਰਾਣ ਦੇਣ ਵਾਲੇ! ਹੇ ਸੁੱਖ ਦੇਣ ਵਾਲੇ! ਹੇ ਨਾਸ-ਰਹਿਤ ਸੁਆਮੀ! ਹੇ ਅਦ੍ਰਿਸ਼ਟ ਸੁਆਮੀ! ਹੇ ਸਭ ਗੁਣਾਂ ਨਾਲ ਭਰਪੂਰ ਪ੍ਰਭੂ!

ਹੇ ਸਰਬ ਵਿਆਪਕ! ਤੇ ਸਿਰਜਣਹਾਰ ਪ੍ਰਭੂ! ਤੇਰੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਕੋਈ ਨਹੀ ਦੱਸ ਸਕਦਾ ਕਿ ਤੂੰ ਕਦੋਂ ਦਾ ਹੈਂ। ਉਨ੍ਹਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸ ਦੀ ਕਿਰਪਾ ਨਾਲ ਪਰਮਾਤਮਾ ਦਾ ਨਾਮ ਅੱਖ ਝਮਕਣ ਦੇ ਸਮੇਂ ਲਈ ਭੀ ਮਿਲ ਜਾਂਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਸਾਜਨ ਦੇਸਿ ਵਿਦੇਸੜੀਏ (ਅੰਗ-੫●੪)

੨. ਹਮ ਪਾਥਰ ਗੁਰੁ ਨਾਵ (ਅੰਗ-੫੨੩)



## ਰਾਗੁ ਤੁਖਾਰੀ (ਤੀਨ ਤਾਲ)

ਸਥਾਈ

| | | | |
|---|---|---|---|
| **.ਨ ਸ ਗੁ ਮ॑** | **ਪ ਪ ਪ ਪ** | **ਮ॑ ਗੁ ਗੁਮ॑ ਪ** | **ਮ॑ ਗੁ ਰ ਸ** |
| ਨਿ ਰ ਗੁ ਣੁ | ਰਾ ऽ ਖਿ ऽ | ਲੀ ऽ ऽऽ ऽ | ਆ ऽ ऽ ऽ |
| 3 | x | 2 | 0 |
| **ਪ ਨੁ ਧ ਪ** | **ਧ ਮ॑ ਪ ਪ** | **ਮ॑ ਗੁ ਮ॑ ਪ** | **ਮ॑ ਗੁ ਰ ਸ** |
| ਸੰ ऽ ਤ ਨ | ਕਾ ऽ ऽ ऽ | ਸ ਦ ਕਾ ऽ | ऽ ऽ ऽ ऽ |

ਅੰਤਰਾ

| | | | |
|---|---|---|---|
| **ਪ ਪ ਪ ਪ** | **ਮ॑ ਗੁ ਮ॑ ਪ** | **ਨ ਨ ਸਂ ਗੁਂ** | **ਰਂ ਰਂ ਸਂ ਸਂ** |
| ਸ ਤਿ ਗੁ ਰਿ | ਢਾ ऽ ਕ ਲੀ | ਆ ऽ ऽ ऽ | ऽ ऽ ऽ ऽ |
| 3 | x | 2 | 0 |
| **ਸਂ ਗੁਂ ਰਂ ਸਂ** | **ਰਂ ਨ ਸਂ ਸਂ** | **ਨੁ ਨੁ ਧ ਪ** | **ਮ॑ ਗੁ ਰ ਸ** |
| ਮੋ ऽ ਹਿ ऽ | ਪਾ ऽ ਪੀ ऽ | ਪ ऽ ऽ ੜ | ਦਾ ऽ ऽ ऽ |

**ਸਥਾਈ ਦੀਆਂ ਤਾਨਾਂ**

| | | |
|---|---|---|
| ੧. .ਨਸ ਗੁਮ॑ ਪਮ॑ ਪ | ਨੁਨੁ ਧਪ ਧਮ॑ ਪ | ਗੁਮ॑ ਪਮ॑ ਗੁਰ ਸ |
| X | 2 | 0 |
| ੨. ਪਨੁ ਧਪ ਧਮ॑ ਪ | ਪਮ॑ ਗੁਮ॑ ਪਧ ਪਮ॑ | ਗੁਮ॑ ਪਮ॑ ਗੁਰ ਸ |
| X | 2 | 0 |
| ੩. ਮ॑ਪ ਧਨੁ ਧਪ ਮ॑ਪ | ਸਂਨ ਧਨੁ ਧਪ ਮ॑ਪ | ਗੁਮ॑ ਪਮ॑ ਗੁਰ ਸ |
| X | 2 | 0 |

**ਅੰਤਰੇ ਦੀਆਂ ਤਾਨਾਂ**

| | | |
|---|---|---|
| ੧. .ਨਸ .ਨਸ ਗੁਸ ਗੁਮ॑ | ਗੁਮ॑ ਪਮ॑ ਪਨ ਪਨ | ਸਂਨ ਧਪ ਮ॑ਪ ਧਪ |
| X | 2 | 0 |
| ੨. ਪਮ॑ ਗੁਮ॑ ਪਨ ਸਂਗੁਂ | ਰਂਸਂ ਨਸਂ ਰਂਸਂ ਨਸਂ | ਨੁਨੁ ਧਪ ਮ॑ਗੁ ਰਸ |
| X | 2 | 0 |
| ੩. .ਨ- ਸ.ਨ ਸ- ਗੁਸ | ਗੁ- ਮ॑ਗੁ ਮ॑- ਪਮ॑ | ਪਧ ਪਮ॑ ਗੁਰ ਸ |
| X | 2 | 0 |

## ਕੇਦਾਰਾ ਮਹਲਾ ੫ ॥

**ਹਰਿ ਹਰਿ ਹਰਿ ਗੁਨ ਗਾਵਹੁ॥**

**ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮ ਜਪਾਵਹੁ॥੧॥ਰਹਾਉ॥**

**ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ॥**

**ਭ੍ਰਮੁ ਭਉ ਮੋਹਿ ਕਟਿਓ ਗੁਰਿ ਬਚਨੀ ਅਪਨਾ ਦਰਸੁ ਦਿਖਾਵਹੁ॥੧॥**

**ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ॥**

**ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ॥੨॥੪॥੬॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੨●), (ਅੰਮ੍ਰਿਤ ਕੀਰਤਨ ਅੰਗ ੩੯੪)**

### ਭਾਵ-ਅਰਥ

ਹੇ ਭਾਈ! ਸਦਾ ਪਰਮਾਤਮਾ ਦੇ ਗੁਣ ਗਾਉਂਦੇ ਰਿਹਾ ਕਰੋ। ਹੇ ਗੋਪਾਲ! ਹੇ ਗੋਬਿੰਦ! ਮੇਰੇ ਉਤੇ ਮਿਹਰ ਕਰੋ, ਮੈਨੂੰ ਆਪਣਾ ਨਾਮ ਜਪਣ ਵਿੱਚ ਸਹਾਇਤਾ ਕਰੋ। ਰਹਾਉ।

੧. ਹੇ ਪ੍ਰਭੂ! ਆਪ ਜੀ ਅੱਗੇ ਬੇਨਤੀ ਹੈ ਕਿ ਮੇਰਾ ਮਨ ਸਾਧਸੰਗਤਿ ਵਿੱਚ ਲੱਗ ਜਾਵੇ, ਗੁਰੂ ਦੇ ਬਚਨਾਂ ਨਾਲ ਮੇਰਾ ਮਨ ਵਿਸ਼ਿਆਂ ਤੋਂ, ਭਰਮ-ਭਉ ਤੇ ਮੋਹ ਤੋਂ ਮਨ ਹੱਟ ਜਾਵੇ ਤੇ ਮੈਂ ਆਪ ਜੀ ਦੇ ਦਰਸ਼ਨ ਦੇ ਕਾਬਿਲ ਹੋ ਸਕਾਂ।

੨. ਹੇ ਦਇਆਲ ਪ੍ਰਭੂ ਮਿਹਰ ਕਰੋ ਮੈਨੂੰ ਆਪਣੀ ਭਗਤੀ ਦੀ ਦਾਤ ਬਖਸ਼ੋ, ਮੇਰੇ ਅੰਦਰੋਂ ਹਉਮੈਂ ਦੂਰ ਕਰੋ, ਮੇਰਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੋ ਜਾਏ। ਹੇ ਨਾਨਕ! ਤੁਸੀਂ ਵੱਡੇ ਭਾਗਾਂ ਨਾਲ ਹੀ ਪਰਮਾਤਮਾ ਦਾ ਮਿਲਾਪ ਹਾਸਿਲ ਕਰ ਸਕਦੇ ਹੋ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਸਰਨੀ ਆਇਓ ਨਾਥ ਨਿਧਾਨ (ਅੰਗ-੭੮)

੨. ਪ੍ਰਿਅ ਕੀ ਪ੍ਰੀਤ ਪਿਆਰੀ (ਅੰਗ-੫੧੯)



## ਰਾਗੁ ਕੇਦਾਰਾ (ਤੀਨ ਤਾਲ)

ਸਥਾਈ

| | | | |
|---|---|---|---|
| ਸੰ ਸੰ ਧ ਪ | ਮ' ਪ ਧ ਪ | ਮ – ਰ ਸ | ਰ ਰ ਸ – |
| ਹ ਰਿ ਹ ਰਿ | ਹ ਰਿ ਗੁ ਨ | ਗਾ s s s | ਵ ਹੁ s s |
| 0 | 3 | x | 2 |
| ਸ ਸ ਮ ਰ | ਪ ਮ' ਪ ਪ | ਮ ਮ ਰ ਰ | ਸ ਰ ਸ ਸ |
| ਕ ਰਹੁ ਕਿ ਰ | ਪਾ s s s | ਗੋ ਪਾ ਲ ਗੋ | ਬਿੰ s ਦੇ s |

ਅਪਨਾ ਨਾਮੁ ਜਪਾਵਹੁ............(ਪਹਿਲੀ ਲਾਈਨ ਅਨੁਸਾਰ)

ਅੰਤਰਾ

| | | | |
|---|---|---|---|
| ਪ ਪ ਪ ਪ | ਨ ਧ ਸੰ ਸੰ | ਸੰ ਸੰ ਸੰ ਸੰ | ਰੰ ਰੰ ਸੰ ਸੰ |
| ਕਾ s ਢਿ ਲੀ | ਏ s ਪ੍ਰ ਭ | ਆ s ਨ ਬਿ | ਖੈ s ਤੇ s |
| 0 | 3 | x | 2 |
| ਮੰ ਮੰ ਰੰ ਸੰ | ਰੰ ਰੰ ਸੰ ਸੰ | ਧ ਨੁ ਧ ਪ | ਮ'ਪ ਧਪ ਮ ਮ |
| ਸਾ s ਧ s | ਸੰ ਗਿ ਮ ਨੁ | ਲਾ s s s | ss ss ਵਹੁ s |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਮ'ਪ ਧਨੁ ਧਪ ਮ'ਪ | ਮ'ਪ ਧਪ ਮਮ ਰਸ | | |
| X | 2 | | |
| ੨. ਸਸ ਮਰ ਪਮ' ਪ | ਮ'ਪ ਧਨੁ ਧਪ ਮ'ਪ | ਮ'ਪ ਧਪ ਮਮ ਰਸ | |
| X | 2 | 0 | |
| ੩. ਸਸ ਰਸ ਮਰ ਪਮ' | ਸੰਸੰ ਧਪ ਮ'ਪ ਧਪ | ਧਨੁ ਧਪ ਮ'ਪ ਧਪ | ਮਮ ਰਸ ਰਰ ਸਸ |
| X | 2 | 0 | 3 |

**( ਹਰਿ ਹਰਿ ਹਰਿ ਗੁਨ - ਇੱਕ ਵਾਰੀ ਦੁੱਗਣ ਵਿੱਚ)** (ਤਾਨ ੨)

**( ਹਰਿ ਹਰਿ ਹਰਿ ਗੁਨ ਗਾਵਹੁ - ਤਿੰਨ ਵਾਰੀ ਦੁੱਗਣ ਵਿੱਚ)** (ਤਾਨ ੩)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਮ'ਪ ਧਨ ਸੰ ਸੰ | ਮੰਮੰ ਰੰਸੰ ਰੰਰੰ ਸੰਸੰ | | |
| X | 2 | | |
| ੨. ਸਸ ਰਰ ਸਸ ਮਮ | ਰਰ ਪਪ ਮ'ਮ' ਧਧ | ਪਪ ਨੁਨੁ ਧਧ ਪਪ | ਮ'ਪ ਧਪ ਮਮ ਰਸ |
| X | 2 | 0 | |
| ੩. ਸੰ– ਰੰਸੰ ਨ– ਸੰਨ | ਧ– ਨੁਧ ਪ ਪ | ਮ'– ਪਮ' ਪ– ਧਪ | ਮ'ਪ ਧਪ ਮਮ ਰਸ |
| 0 | 3 | x | 2 |

**(ਕਾਢਿ ਲੀਏ ਪ੍ਰਭ ਆਨ-ਤਿੰਨ ਵਾਰੀ ਦੁੱਗਣ ਵਿੱਚ)**

## ਭੈਰਉ ਮਹਲਾ ੫ ॥

**ਊਠਤ ਸੁਖੀਆ ਬੈਠਤ ਸੁਖੀਆ॥**
**ਭਉ ਨਹੀ ਲਾਗੈ ਜਾਂ ਐਸੇ ਬੁਝੀਆ॥੧॥**
**ਰਾਖਾ ਏਕ ਹਮਾਰਾ ਸੁਆਮੀ॥**
**ਸਗਲ ਘਟਾ ਕਾ ਅੰਤਰਜਾਮੀ॥੧॥ਰਹਾਉ॥**
**ਸੋਇ ਅਚਿੰਤਾ ਜਾਗਿ ਅਚਿੰਤਾ॥**
**ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ॥੨॥**
**ਘਰਿ ਸੁਖਿ ਵਸਿਆ ਬਾਹਰਿ ਸੁਖ ਪਾਇਆ॥**
**ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥੩॥੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੩੬)**
**(ਅੰਮ੍ਰਿਤ ਕੀਰਤਨ ਅੰਗ ੭੬)**

### ਭਾਵ-ਅਰਥ

੧. ਜਦੋਂ ਕੋਈ ਮਨੁੱਖ ਇਹ ਸਮਝ ਲੈਂਦਾ ਹੈ ਕਿ ਇੱਕ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ, ਤਦ ਉਸ ਨੂੰ ਕਦੇ ਕੋਈ ਕਿਸੇ ਕਿਸਮ ਦਾ ਡਰ ਪੋਹ ਨਹੀਂ ਸਕਦਾ। ਉਹ ਉਠਦਾ, ਬੈਠਦਾ, ਹਰ ਵੇਲੇ ਆਤਮਿਕ ਆਨੰਦ ਮਾਣਦਾ ਹੈ। ਅਸਾਂ ਜੀਵਾਂ ਦਾ ਰਾਖਾ ਇੱਕ ਮਾਲਕ ਪ੍ਰਭੂ ਹੀ ਹੈ। ਸਾਡਾ ਉਹ ਮਾਲਕ ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਹੈ। ਰਹਾਉ।

੨. ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਇੱਕ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ,ਤਦ ਮਨੁੱਖ ਹਰ ਵੇਲੇ ਇਹ ਆਖਣ ਲੱਗ ਪੈਂਦਾ ਹੈ ਕਿ ਪ੍ਰਭੂ ਹੀ ਹਰ ਥਾਂ ਮੌਜੂਦ ਹੈ ਤੇ ਉਹ ਮਨੁੱਖ ਪਰਮਾਤਮਾ ਦੀ ਹੋਂਦ ਮਹਿਸੂਸ ਕਰਦਾ ਹੋਇਆ ਨਿਸਚਿੰਤ ਹੋ ਕੇ ਸੌਂਦਾ ਤੇ ਜਾਗਦਾ ਹੈ।

੩. ਜਿਸ ਮਨੁੱਖ ਦੇ ਹਿਰਦੇ ਵਿੱਚ ਇਹ ਉਪਦੇਸ਼ ਵੱਸ ਗਿਆ ਕਿ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ, ਉਹ ਮਨੁੱਖ ਆਪਣੇ ਘਰ ਵਿੱਚ ਵੀ ਸੁਖੀ ਵੱਸਦਾ ਹੈ ਤੇ ਘਰੋਂ ਬਾਹਰ ਜਾ ਕੇ ਵੀ ਆਨੰਦ ਮਾਣਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਗੁਰ ਜੈਸਾ ਨਾਹੀ ਕੋ ਦੇਵ (ਅੰਗ-੨੧੩)
੨. ਜੀਵਤ ਜੀਵਤ ਜੀਵਤ ਰਹਹੁ (ਅੰਗ-੩੫●)



## ਰਾਗੁ ਭੈਰਉ (ਤੀਨ ਤਾਲ)

ਸਥਾਈ

| | | | |
|---|---|---|---|
| **ਮ ਮ ਮ ਮ** | **ਪ ਪ ਮ ਪ** | **ਧੁ ਧੁ ਪ ਮ** | **ਗ ਰੁ ਸ ਸ** |
| ਰਾ s ਖਾ s | ਏ s ਕੁ ਹ | ਮਾ s ਰਾ s | ਸੁਆ s ਮੀ s |
| 0 | 3 | x | 2 |
| **ਪ ਧੁ ਨ ਸਂ** | **ਰੁਂ ਰੁਂ ਸਂ ਸਂ** | **ਸਂ ਨ ਧੁ ਪ** | **ਮਪ ਧੁਪ ਮਗ ਰੁਸ** |
| ਸ ਗ ਲ ਘ | ਟਾ s ਕਾ s | ਅੰ s ਤ ਰ | ਜਾs ss ਮੀs ss |

ਅੰਤਰਾ

| | | | |
|---|---|---|---|
| **ਮ ਮ ਪ ਪ** | **ਧੁ ਧੁ ਨ ਨ** | **ਸਂ ਸਂ ਸਂ ਸਂ** | **ਰੁਂ ਰੁਂ ਸਂ ਸਂ** |
| ਊ s ਠ ਤ | ਸੁ ਖੀ ਆ s | ਬੈ s ਠ ਤ | ਸੁ ਖੀ ਆ s |
| 0 | 3 | x | 2 |
| **ਸਂ ਰੁਂ ਗਂ ਮਂ** | **ਗਂ ਰੁਂ ਸਂ ਸਂ** | **ਸਂ ਨ ਧੁ ਪ** | **ਮਪ ਧੁਪ ਮਗ ਰੁਸ** |
| ਭ ਉ ਨ ਹੀ | ਲਾ s ਗੈ ਜਾਂ | ਐ s ਸੇ s | ਬੁs ਝੀs ਆs ss |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਸਰੁ ਗਮ ਪਧੁ ਪਮ | ਗਮ ਪਮ ਗਰੁ ਸ | | |
| X | 2 | | |
| ੨. ਪਧੁ ਨਸਂ ਰੁਂਰੁਂ ਸਂਸਂ | ਸਂਨ ਧੁਪ ਮਗ ਰੁਸ | | |
| X | 2 | | |
| ੩. ਸਰੁ ਗਗ ਰੁਗ ਮਮ | ਗਮ ਪਪ ਮਪ ਧੁਧੁ | ਪਧੁ ਨਨ ਧੁਨ ਸਂਸਂ | ਸਂਰੁਂ ਸਂਨ ਧੁਪ ਮਪ |
| ਗਮ ਪਮ ਗਰੁ ਸ | | | |
| X | 2 | 0 | 3 |

**( ਰਾਖਾ ਏਕੁ - ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਪਧੁ ਨਸਂ ਰੁਂਗਂ ਰੁਂਸਂ | ਸਂਰੁਂ ਸਂਨ ਧੁਧੁ ਪਪ | ਮਪ ਧੁਪ ਮਗ ਰੁਸ | |
| x | 2 | 0 | |
| ੨. ਸਂਰੁਂ ਗਂਗਂ ਰੁਂਗਂ ਰੁਂਸਂ | ਰੁਂਰੁਂ ਸਂਨ ਧੁਨ ਧੁਪ | ਮਪ ਧੁਪ ਮਗ ਰੁਗ | ਮਗ ਰੁਗ ਰੁਰੁ ਸ |
| 0 | 3 | x | 2 |
| ੩. ਸ- ਰੁਸ ਰੁ- ਗਰੁ | ਗ- ਮਗ ਮ- ਪਮ | ਪ- ਧੁਪ ਧੁ- ਨਧੁ | ਨ- ਸਂਨ ਸਂ- ਰੁਂਸਂ |
| ਸਂ- ਰੁਂਸਂ ਨ- ਸਂਨ | ਧੁ- ਨਧੁ ਪ ਪ | ਮਪ ਧੁਪ ਮਗ ਰੁਸ | |
| 0 | 3 | x | 2 |

**(ਊਠਤ ਸੁਖੀਆ - ਇੱਕ ਵਾਰੀ ਦੁੱਗਣ ਵਿੱਚ)** (for ੧.)

**(ਊਠਤ ਸੁਖੀਆ - ਤਿੰਨ ਵਾਰੀ ਦੁੱਗਣ ਵਿੱਚ)** (for ੩.)

## ਬਸੰਤ ਮਹਲਾ ੩ ॥

ਬਸੰਤੁ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥੧॥
ਇਨ ਬਿਧਿ ਇਹੁ ਮਨੁ ਹਰਿਆ ਹੋਇ॥
ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ॥੧॥ਰਹਾਉ॥
ਸਤਿਗੁਰ ਬਾਣੀ ਸਬਦੁ ਸੁਣਾਏ॥
ਇਹੁ ਜਗੁ ਹਰਿਆ ਸਤਿਗੁਰ ਭਾਏ॥੨॥
ਫਲ ਫੂਲ ਲਾਗੇ ਜਾਂ ਆਪੇ ਲਾਏ॥
ਮੂਲਿ ਲਗੈ ਤਾਂ ਸਤਿਗੁਰੁ ਪਾਏ॥੩॥
ਆਪਿ ਬਸੰਤੁ ਜਗਤੁ ਸਭੁ ਵਾੜੀ॥
ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥੪॥੫॥੧੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੭੬)
(ਅੰਮ੍ਰਿਤ ਕੀਰਤਨ ਅੰਗ ੮●●)

### ਭਾਵ-ਅਰਥ

੧. ਬਸੰਤ ਦਾ ਮੌਸਮ ਸ਼ੁਰੂ ਹੁੰਦਾ ਹੈ, ਤਦ ਸਾਰੀ ਬਨਸਪਤੀ ਖਿੜ ਪੈਂਦੀ ਹੈ, ਇਸ ਤਰ੍ਹਾਂ ਸਾਰੇ ਜੀਵ ਪਰਮਾਤਮਾ ਵਿੱਚ ਚਿਤ ਜੋੜ ਕੇ ਆਤਮਕ ਜੀਵਨ ਨਾਲ ਖਿੜ ਪੈਂਦੇ ਹਨ। ਜਿਵੇਂ ਕਿ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਆਪਣੇ ਅੰਦਰੋਂ ਹਉਮੈ ਕੱਢ ਦਿੰਦਾ ਹੈ ਅਤੇ ਦਿਨ ਰਾਤ ਹਰ ਵੇਲੇ ਪਰਮਾਤਮਾ ਦਾ ਨਾਮ ਜਪਦਾ ਹੈ, ਉਸਦਾ ਮਨ ਆਤਮਿਕ ਜੀਵਨ ਨਾਲ ਭਰਪੂਰ ਹੋ ਜਾਂਦਾ ਹੈ। ਰਹਾਉ।

੨. ਜਦੋਂ ਇਹ ਜਗਤ ਗੁਰੂ ਦੀ ਬਾਣੀ ਸੁਣਦਾ ਹੈ,ਗੁਰੂ ਦਾ ਸ਼ਬਦ ਸੁਣਦਾ ਹੈ ਤੇ ਗੁਰੂ ਦੇ ਪਿਆਰ ਵਿੱਚ ਮਗਨ ਹੁੰਦਾ ਹੈ, ਤਦੋਂ ਇਹ ਆਤਮਿਕ ਜੀਵਨ ਨਾਲ ਹਰਾ-ਭਰਾ ਹੋ ਜਾਂਦਾ ਹੈ।

੩. ਮਨੁੱਖਾ ਜੀਵਨ ਦੇ ਰੁੱਖ ਨੂੰ ਆਤਮਿਕ ਗੁਣਾਂ ਦੇ ਫੁੱਲ ਤੇ ਫਲ ਤਦ ਹੀ ਲੱਗਦੇ ਹਨ, ਜਦੋਂ ਪਰਮਾਤਮਾ ਆਪ ਹੀ ਲਗਾਂਦਾ ਹੈ। ਜਦੋਂ ਮਿਹਰ ਨਾਲ ਗੁਰੂ ਮਿਲਦਾ ਹੈ, ਤਦ ਮਨੁੱਖ ਸਾਰੇ ਜਗਤ ਦੇ ਸਿਰਜਣਹਾਰ ਵਿੱਚ ਜੁੜਦਾ ਹੈ।

੪. ਇਹ ਸਾਰਾ ਜਗਤ ਪਰਮਾਤਮਾ ਦੀ ਬਗੀਚੀ ਹੈ, ਇਸ ਨੂੰ ਹਰਾ-ਭਰਾ ਕਰਨ ਵਾਲਾ ਬਸੰਤ ਭੀ ਉਹ ਆਪ ਹੀ ਹੈ। ਮਾਇਆ ਦੇ ਮੋਹ ਤੋਂ ਨਿਰਲੇਪ ਕਰਨ ਵਾਲੀ ਹਰੀ ਭਗਤੀ ਵੱਡੀ ਕਿਸਮਤ ਨਾਲ ਹੀ ਕਿਸੇ ਮਨੁੱਖ ਨੂੰ ਮਿਲਦੀ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਮਾਈ ਮੈ ਧਨੁ ਪਾਇਓ ਹਰਿ ਨਾਮੁ (ਅੰਗ-੪੨੧)
੨. ਮਉਲੀ ਧਰਤੀ ਮਉਲਿਆ ਅਕਾਸੁ (ਅੰਗ-੨੯੯)



## ਰਾਗੁ ਬਸੰਤ (ਤੀਨ ਤਾਲ)

ਸਥਾਈ

| | | | |
|---|---|---|---|
| ਸਂ ਰਂ ਸਂ ਨ | ਧ ਮ ਧ ਧ | ਨ ਨ ਸਂ ਸਂ | ਸਂ ਸਂ ਸਂ ਸਂ |
| ਇ ਨ ਬਿ ਧਿ | ਇ ਹੁ ਮ ਨੁ | ਹ ਰਿ ਆ s | ਹੋ s ਇ s |
| 0 | 3 | x | 2 |
| ਮ ਮ ਮ ਮ | ਪ ਪ ਗ ਗ | ਗ ਗ ਮ ਮ | ਰ ਰ ਸ ਸ |
| ਹ ਰਿ ਹ ਰਿ | ਨਾ s ਮੁ ਜ | ਪੈ s ਦਿ ਨੁ | ਰਾ s ਤੀ s |
| ਗਂ ਗਂ ਰਂ ਸਂ | ਨ ਨ ਧ ਧ | ਨ ਨ ਸਂ ਸਂ | ਸਂ ਸਂ ਸਂ ਸਂ |
| ਗੁ ਰ ਮੁ ਖਿ | ਹ ਉ ਮੈ s | ਕ s ਢੈ s | ਧੋ s ਇ s |

ਅੰਤਰਾ

| | | | |
|---|---|---|---|
| ਮ ਮ ਮ ਮ | ਧ ਧ ਨ ਨ | ਸਂ ਸਂ ਸਂ ਸਂ | ਨ ਨ ਸਂ ਸਂ |
| ਬ ਸੰ s ਤ | ਚ ੜਿ ਆ s | ਫੂ ਲੀ ਬ ਨ | ਰਾ s ਇ s |
| 0 | 3 | x | 2 |
| ਨ ਨ ਨ ਨ | ਨ ਨ ਧ ਧ | ਨ ਨ ਧ ਧ | ਪ ਪ ਮ ਮ |
| ਏ ਹਿ ਜੀ ਅ | ਜੰ ਤ ਫੂ ਲਹਿ | ਹ ਰਿ ਚਿ ਤੁ | ਲਾ s ਇ s |

ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ.......(ਦੂਸਰੀ ਲਾਈਨ ਅਨੁਸਾਰ)

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਸਗ ਮਪ ਮਗ ਮ | ਧਨ ਧਪ ਮ ਮ | | |
| X | 2 | | |
| ੨. ਗਮ ਧਨ ਸਂਨ ਧ | ਨਨ ਧਧ ਪਪ ਮ | | |
| X | 2 | | |
| ੩. ਗਮ ਗਮ ਧਮ ਧਨ | ਧਨ ਸਂ ਸਂਰਂ ਸਂਨ | ਧਨ ਧਪ ਮ ਮ | ਪਗ ਮਰ ਸ ਸ |
| X | 2 | 0 | 3 |

( ਇਨ ਬਿਧਿ ਇਹੁ ਮਨੁ ਹਰਿਆ - ਤਿੰਨ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਗਮ ਧਮ ਧਨ ਸਂ | ਧਨ ਸਂਰਂ ਸਂਨ ਸਂ | ਸਂਰਂ ਸਂਨ ਧਨ ਧਪ | ਮਪ ਗਮ ਗਰ ਸ |
| 0 | 3 | x | 2 |
| ੨. ਧਨ ਸਂਨ ਧਨ ਧ | ਪਧ ਪਮ ਗ ਮ | ਮਪ ਗਮ ਗਰ ਸ | |
| x | 2 | 0 (ਬਸੰਤੁ ਚੜਿਆ - | ਇੱਕ ਵਾਰੀ ਦੁੱਗਣ ਵਿੱਚ) |
| ੩. ਗ- ਮਗ ਮ- ਧਮ | ਧ- ਨਧ ਨ- ਸਂਨ | ਸਂ- ਗਂਸਂ ਨਨ ਸਂ | ਨਨ ਸਂ ਨਨ ਸਂ |
| x | 2 | 0 | 3 |

(ਬਸੰਤੁ ਚੜਿਆ ਫੂਲੀ - ਤਿੰਨ ਵਾਰੀ ਦੁੱਗਣ ਵਿੱਚ)

## ਸਾਰੰਗ ਮਹਲਾ ੫ ॥

**ਕਿਉ ਜੀਵਨ ਪ੍ਰੀਤਮ ਬਿਨੁ ਮਾਈ॥**
**ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ॥੧॥ਰਹਾਉ॥**
**ਜੀਅ ਹੀਂਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ॥**
**ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ॥੧॥**
**ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ॥**
**ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ॥੨॥੩॥੧੭॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੦੭)**

**(ਅੰਮ੍ਰਿਤ ਕੀਰਤਨ ਅੰਗ ੫੦੬)**

### ਭਾਵ-ਅਰਥ

ਜਿਸ ਤਰ੍ਹਾਂ ਪਰਮਾਤਮਾ ਦੀ ਜੋਤ ਦੇ ਸਰੀਰ ਤੋਂ ਵਿਛੜਿਆਂ ਸਰੀਰ ਮੁਰਦਾ ਹੋ ਜਾਂਦਾ ਹੈ ਤੇ ਮੁਰਦਾ ਸਰੀਰ ਘਰ ਵਿੱਚ ਟਿਕਿਆ ਨਹੀਂ ਰਹਿ ਸਕਦਾ, ਉਸ ਤਰ੍ਹਾਂ ਪ੍ਰੀਤਮ ਪ੍ਰਭੂ ਦੀ ਯਾਦ ਤੋਂ ਬਿਨਾਂ ਆਤਮਿਕ ਜੀਵਨ ਸੰਭਵ ਹੀ ਨਹੀਂ ਹੈ। ਰਹਾਉ।

੧. ਹੇ ਸੰਤ ਜਨੋ! ਮੇਰੇ ਉਤੇ ਆਪਣੀ ਮਿਹਰ ਕਰੋ, ਮੈਂ ਉਸ ਪਰਮਾਤਮਾ ਦੇ ਗੁਣ ਸਿਫਤ-ਸਲਾਹ ਦੇ ਗੀਤ ਗਾਂਦਾ ਰਹਾਂ। ਜਿਹੜਾ ਸਭ ਜੀਵਾਂ ਨੂੰ ਜਿੰਦ ਦੇਣ ਵਾਲਾ ਹੈ, ਪ੍ਰਾਣ ਦੇਣ ਵਾਲਾ ਹੈ ਤੇ ਜਿਸਦੀ ਸੰਗਤ ਵਿੱਚ ਹੀ ਇਹ ਸਰੀਰ ਸੁਹਣਾ ਲੱਗਦਾ ਹੈ।

੨. ਹੇ ਮਾਂ! ਮੇਰੀ ਤਾਂਘ ਹੈ ਕਿ ਸੰਤ ਜਨਾਂ ਦੇ ਚਰਨ ਮੇਰੇ ਮੱਥੇ ਉਤੇ ਟਿਕੇ ਰਹਿਣ। ਸੰਤ ਜਨਾਂ ਦੇ ਚਰਨਾਂ ਦੀ ਧੂੜ ਮੇਰੀਆਂ ਅੱਖਾਂ ਨੂੰ ਲੱਗਦੀ ਰਹੇ। ਜਿਨ੍ਹਾਂ ਸੰਤ ਜਨਾਂ ਦੀ ਕ੍ਰਿਪਾ ਨਾਲ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ, ਮੈਂ ਉਹਨਾਂ ਤੋਂ ਸਦਾ ਸਦਕੇ ਜਾਂਦਾ ਹਾਂ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਸਤਿਗੁਰ ਮੂਰਤਿ ਕਉ ਬਲਿ ਜਾਉ (ਅੰਗ-੨੧੪)

੨. ਮੋਹਨੀ ਮੋਹਤ ਰਹੈ ਨ ਹੋਰੀ (ਅੰਗ-੭੨੧)



## ਰਾਗੁ ਸਾਰੰਗ (ਤੀਨ ਤਾਲ)

ਸਥਾਈ

| | | | |
|---|---|---|---|
| ਨੁ ਨੁ ਪ ਮ | ਪ ਮ ਰ ਸ | ਰ ਰ .ਨ ਸ | ਰ ਮ ਪ ਪ |
| ਕਿ ਉ ਜੀ s | ਵ ਨੁ ਪ੍ਰੀ s | ਤ ਮ ਬਿ ਨੁ | ਮਾ s ਈ s |
| 0 | 3 | x | 2 |
| ਨਸਂ ਰਂ ਰਂ ਰਂ | ਨ ਨ ਸਂ ਸਂ | ਰਂ ਨ ਸਂ ਸਂ | ਨੁ ਪ ਮ ਪ |
| ਜਾs s ਕੇ s | ਬਿ ਛੁ ਰ ਤ | ਹੋ s ਤ ਮਿ | ਰ ਤ ਕਾ s |
| ਨੁ ਨੁ ਪ ਮ | ਪ ਮ ਰ ਸ | ਰ ਰ .ਨ ਸ | ਰ ਮ ਪ ਪ |
| ਗ੍ਰਿ ਹ ਮ ਹਿ | ਰ ਹ ਨੁ ਨ | ਪਾ s s s | ਈ s s s |

ਅੰਤਰਾ

| | | | |
|---|---|---|---|
| ਮ ਮ ਮ ਮ | ਪ ਪ ਨ ਨ | ਸਂ ਸਂ ਸਂ ਸਂ | ਰਂ ਨ ਸਂ ਸਂ |
| ਜੀ ਅ s s | ਹੀਂ ਅ s s | ਪ੍ਰਾ s ਨ ਕੋ | ਦਾ s ਤਾ s |
| 0 | 3 | x | 2 |
| ਰਂ ਮਂ ਰਂ ਸਂ | ਰਂ ਨ ਸਂ ਸਂ | ਰਂ ਨ ਸਂ ਸਂ | ਨੁ ਪ ਮ ਪ |
| ਜਾ s ਕੈ s | ਸੰ s ਗਿ ਸੁ | ਹਾ s s s | ਈ s s s |

**ਸਥਾਈ ਦੀਆਂ ਤਾਨਾਂ**

| | | | | |
|---|---|---|---|---|
| ੧. | ਸਰ ਸਰ ਮਰ ਮਪ | ਮਪ ਨੁਪ ਮਰ ਸ | | |
| | X | 2 | | |
| ੨. | .ਨਸ ਰਸ .ਨਸ .ਨੁ.ਪ | .ਪ.ਨ ਸਰ .ਨਸ ਰਸ | | |
| | X | 2 | | |
| ੩. | ਮਪ ਨੁਨੁ ਪਨੁ ਪਮ | ਰਮ ਪਮ ਰਸ .ਨੁਸ | ਨਸਂ ਰਂਸਂ ਨਸਂ ਨੁਪ | ਨੁਪ ਮਰ ਮਮ ਰਸ |
| | X | 2 | 0 | 3 |

**( ਕਿਉ ਜੀਵਨੁ ਪ੍ਰੀਤਮ - ਤਿੰਨ ਵਾਰੀ ਦੁੱਗਣ ਵਿੱਚ)**

**ਅੰਤਰੇ ਦੀਆਂ ਤਾਨਾਂ**

| | | | | |
|---|---|---|---|---|
| ੧. | ਪਨ ਸਂਰਂ ਸਂਨ ਸਂ | ਰਂਮਂ ਰਂਸਂ ਨਸਂ ਰਂਸਂ | | |
| | X | 2 | | |
| ੨. | ਨਸਂ ਰਂਸਂ ਨਸਂ ਨੁਪ | ਨੁਨੁ ਪਨੁ ਪਮ ਪਮ | ਰਮ ਪਮ ਰਸ .ਨਸ | |
| | x | 2 | 0 | |

**(ਜੀਅ ਹੀਂਅ - ਇੱਕ ਵਾਰੀ ਦੁੱਗਣ ਵਿੱਚ)**

| | | | | |
|---|---|---|---|---|
| ੩. | ਸ- ਰਸ ਰ- ਮਰ | ਮ- ਪਮ ਪ- ਨੁਪ | ਨ- ਸਂਨ ਸਂ- ਰਂਸਂ | ਨ- ਸਂਨੁ ਪ ਪ |
| | ਰੁਮ ਪਮ ਰਸ .ਨਸ | | | |
| | x | 2 | 0 | 3 |

**(ਜੀਅ ਹੀਂਅ - ਤਿੰਨ ਵਾਰੀ ਦੁੱਗਣ ਵਿੱਚ)**

## ਮਲਾਰ ਮਹਲਾ ੪ ॥

**ਤਿਸੁ ਜਨ ਕਉ ਹਰਿ ਮੀਠ ਲਗਾਨਾ ਜਿਸੁ ਹਰਿ ਹਰਿ ਕ੍ਰਿਪਾ ਕਰੈ॥**
**ਤਿਸੁ ਕੀ ਭੂਖ ਦੂਖ ਸਭਿ ਉਤਰੈ ਜੋ ਹਰਿ ਗੁਣ ਹਰ ਉਚਰੈ॥੧॥**
**ਜਪਿ ਮਨ ਹਰਿ ਹਰਿ ਨਿਸਤਰੈ॥**
**ਗੁਰ ਕੇ ਬਚਨ ਕਰਨ ਸੁਨਿ ਧਿਆਵੈ ਭਵ ਸਾਗਰੁ ਪਾਰਿ ਪਰੈ॥੧॥ਰਹਾਉ॥**
**ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ॥**
**ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ॥੨॥**
**ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ॥**
**ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ॥੩॥**
**ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ॥**
**ਜਨੁ ਨਾਨਕ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ॥੪॥੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੬੩)**

**ਭਾਵ-ਅਰਥ**

੧. ਜਿਸ ਮਨੁੱਖ ਉਪਰ ਪਰਮਾਤਮਾ ਮਿਹਰ ਕਰਦਾ ਹੈ, ਉਸ ਮਨੁੱਖ ਨੂੰ ਪਰਮਾਤਮਾ ਦਾ ਨਾਮ ਪਿਆਰਾ ਲੱਗਦਾ ਹੈ। ਜਿਹੜਾ ਮਨੁੱਖ ਪ੍ਰਭੂ ਦੇ ਗੁਣ ਉਚਾਰਦਾ ਰਹਿੰਦਾ ਹੈ,ਉਸ ਦੀ ਮਾਇਆ ਦੀ ਭੁੱਖ ਦੂਰ ਹੋ ਜਾਂਦੀ ਹੈ ਤੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਮੇਰੇ ਮਨ ਸਦਾ ਹਰੀ ਦਾ ਨਾਮ ਜਪਿਆ ਕਰ। ਜਿਹੜਾ ਮਨੁੱਖ ਗੁਰੂ ਦੇ ਬਚਨ ਕੰਨਾਂ ਨਾਲ ਸੁਣ ਕੇ ਪਰਮਾਤਮਾ ਦਾ ਨਾਮ ਸਿਮਰਦਾ ਹੈ, ਉਹ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ। ਰਹਾਉ।

੨. ਜਿਸ ਸੇਵਕ ਉਪਰ ਪਰਮਾਤਮਾ ਮਿਹਰ ਕਰਦਾ ਹੈ, ਮੈਂ ਉਸਦਾ ਮੁੱਲ ਖਰੀਦਿਆ ਗੁਲਾਮ ਹਾਂ। ਪਰਮਾਤਮਾ ਦੇ ਸੇਵਕ ਨੂੰ ਮਿਲਿਆਂ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ ਤੇ ਖੋਟੀ ਮੱਤ ਦੀ ਸਾਰੀ ਮੈਲ ਦੂਰ ਹੋ ਜਾਂਦੀ ਹੈ।

੩. ਪਰਮਾਤਮਾ ਦੇ ਸੇਵਕ ਨੂੰ ਪਰਮਾਤਮਾ ਦੇ ਨਾਮ ਦੀ ਭੁੱਖ ਹਮੇਸ਼ਾਂ ਲੱਗੀ ਰਹਿੰਦੀ ਹੈ, ਜਦੋਂ ਉਹ ਪਰਮਾਤਮਾ ਦੇ ਗੁਣ ਮਨ ਵਿੱਚ ਵਸਾਂਦਾ ਹੈ, ਉਹ ਤ੍ਰਿਪਤ ਹੋ ਜਾਂਦਾ ਹੈ। ਪਰਮਾਤਮਾ ਦਾ ਭਗਤ ਇਉਂ ਹੈ ਜਿਵੇਂ ਮੱਛੀ ਦੀ ਪ੍ਰੀਤ ਪਾਣੀ ਨਾਲ ਹੈ, ਪਾਣੀ ਤੋਂ ਵਿੱਛੜ ਕੇ ਮੱਛੀ ਤੜਫ ਕੇ ਮਰ ਜਾਂਦੀ ਹੈ।

੪. ਜਿਨ੍ਹਾਂ ਨੇ ਪ੍ਰਮਾਤਮਾ ਨਾਲ ਡੂੰਘੀ ਪ੍ਰੀਤ ਲਾਈ ਉਹੀ ਇਸਦਾ ਆਨੰਦ ਮਾਣਦਾ ਹੈ। ਅਜਿਹਾ ਮਨੁੱਖ ਹਰੀ ਦੇ ਦਰਸ਼ਨ ਕਰਦਾ ਹੈ ਤਾਂ ਉਸਦੀਆਂ ਸਭ ਸਰੀਰਿਕ ਭੁੱਖਾਂ ਮਿਟ ਜਾਂਦੀਆਂ ਹਨ ਤੇ ਉਹ ਸੁੱਖ ਪ੍ਰਾਪਤ ਕਰਦਾ ਹੈ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) -**

੧. ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ (ਅੰਗ-੬੯)
੨. ਬਰਸੁ ਘਨਾ ਮੇਰਾ ਮਨੁ ਭੀਨਾ (ਅੰਗ-੮●੯)



# ਰਾਗੁ ਮਲਾਰ (ਤੀਨ ਤਾਲ)

ਸਥਾਈ

| | | | |
|---|---|---|---|
| **ਧਨ ਸਂ ਨੁ ਪ** | **ਗ ਮ ਰ ਸ** | **ਰ ਰ ਰ ਰ** | **ਸ - ਸ ਸ** |
| ਜਪ ਪਿ ਮ ਨ | ਹ ਰਿ ਹ ਰਿ | ਹ ਰਿ ਨਿ ਸ | ਤ ਤ ਰੈ ਤ |
| 0 | 3 | x | 2 |
| **.ਨੁ .ਨੁ .ਧ .ਨ** | **ਸ ਸ ਸ ਸ** | **ਰ ਪ ਗ ਮ** | **ਰ ਰ ਸ ਸ** |
| ਗੁ ਰ ਕੇ ਤ | ਬ ਚ ਨ ਕ | ਰ ਨ ਸੁ ਨਿ | ਧਿ ਆ ਵੈ ਤ |
| **ਮ ਰ ਪ ਪ** | **ਨੁ ਧ ਨ ਸਂ** | **ਨੁ ਪ ਗ ਮ** | **ਰ - ਸ -** |
| ਭ ਵ ਸਾ ਗਰੁ | ਪਾ ਤ ਰਿ ਪ | ਰੈ ਤ ਤ ਤ | ਤ ਤ ਤ ਤ |

ਅੰਤਰਾ

| | | | |
|---|---|---|---|
| **ਮ ਰ ਪ ਪ** | **ਨੁ ਧ ਨ ਨ** | **ਸਂ ਸਂ ਸਂ ਸਂ** | **ਰਂ ਨਂ ਸਂ ਸਂ** |
| ਤਿ ਸੁ ਜ ਨ | ਕ ਉ ਹ ਰਿ | ਮੀ ਤ ਠ ਲ | ਗਾ ਤ ਨਾ ਤ |
| 0 | 3 | x | 2 |
| **ਨੁ ਨੁ ਧ ਨ** | **ਸਂ ਸਂ ਸਂ ਸਂ** | **ਸਂ ਰਂ ਨ ਸਂ** | **ਧ ਨੁ ਪ -** |
| ਜਿ ਸੁ ਹ ਰਿ | ਹ ਤ ਰਿ ਤ | ਕਿ ਰ ਪਾ ਕ | ਰੈ ਤ ਤ ਤ |

**ਤਿਸੁ ਕੀ ਭੂਖ ਦੂਖ ਸਭਿ ਉਤਰੈ.........(ਚੌਥੀ ਲਾਈਨ ਅਨੁਸਾਰ)**
**ਜੋ ਹਰਿ ਗੁਣ ਹਰਿ ਉਚਰੈ.........(ਪੰਜਵੀਂ ਲਾਈਨ ਅਨੁਸਾਰ)**
**ਜੋ ਹਰਿ ਗੁਣ ਹਰਿ ਉਚਰੈ.........(ਤੀਸਰੀ ਲਾਈਨ ਅਨੁਸਾਰ)**

**ਸਥਾਈ ਦੀਆਂ ਤਾਨਾਂ**

| | | | |
|---|---|---|---|
| ੧. ਸਰ ਗਮ ਰਰ ਪ<br>X | ਗਮ ਰਸ ਰਰ ਸ<br>2 | | |
| ੨. .ਨੁਨੁ .ਧ.ਨ ਸਰ .ਨਸ<br>X | ਗਮ ਰਸ ਰਰ ਸ<br>2 | | |
| ੩. ਮਪ ਨੁਧ ਨਸਂ ਨੁਪ<br>X | ਗਮ ਰਸ ਰਰ ਸ<br>2 | ਨੁਨੁ ਧਨ ਸਂਰਂ ਨਸਂ<br>0 | ਨੁਪ ਮਪ ਗਮ ਰਸ<br>3 |

**( ਜਪਿ ਮਨ ਹਰਿ ਹਰਿ ਹਰਿ - ਤਿੰਨ ਵਾਰੀ ਦੁੱਗਣ ਵਿੱਚ)**

**ਅੰਤਰੇ ਦੀਆਂ ਤਾਨਾਂ**

| | | | |
|---|---|---|---|
| ੧. ਮਪ ਨੁਧ ਨਨ ਸਂ<br>x | ਨੁਨੁ ਧਨ ਸਂਰਂ ਨਸਂ<br>2 | | |
| ੨. ਸਂਰਂ ਨਸਂ ਧਨੁ ਪ<br>x | ਮਪ ਗਮ ਰਰ ਸ<br>2 | | |
| ੩. ਰਰ ਸਰ ਰਸ .ਨਸ | ਪਪ ਮਪ ਪਮ ਗਮ | ਨੁਨੁ ਧਨੁ ਨਧ ਨਨ | ਸਂਸਂ ਨਸਂ ਸਂਨ ਸਂਸਂ |
| ਨੁਪ ਮਪ ਗਮ ਰਸ<br>x | 2 | 0 | 3 |

**( ਤਿਸੁ ਜਨ ਕਉ ਹਰਿ ਮੀਠ - ਤਿੰਨ ਵਾਰੀ ਦੁੱਗਣ ਵਿੱਚ)**

## ਕਾਨੜਾ ਮਹਲਾ ੫ ॥

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥
ਅਨਿਕ ਬਾਰ ਕਰਿ ਬੰਦਨ ਸੰਤਨ
ਊਹਾਂ ਚਰਨ ਗੋਬਿੰਦ ਜੀ ਕੇ ਬਸਨਾ॥੧॥ਰਹਾਉ॥
ਅਨਿਕ ਭਾਂਤਿ ਕਰਿ ਦੁਆਰੁ ਨਾ ਪਾਵਉ॥
ਹੋਇ ਕ੍ਰਿਪਾਲ ਤਾ ਹਰਿ ਹਰਿ ਧਿਆਵਉ॥੧॥
ਕੋਟਿ ਕਰਮ ਕਰਿ ਦੇਹ ਨਾ ਸੋਧਾ॥
ਸਾਧਸੰਗਤਿ ਮਹਿ ਮਨੁ ਪਰਬੋਧਾ॥੨॥
ਤ੍ਰਿਸਨ ਨਾ ਬੂਝੀ ਬਹੁ ਰੰਗ ਮਾਇਆ॥
ਨਾਮੁ ਲੈਤ ਸਰਬ ਸੁਖ ਪਾਇਆ॥੩॥
ਪਾਰਬ੍ਰਹਮ ਜਬ ਭਏ ਦਇਆਲ॥
ਕਹੁ ਨਾਨਕ ਤਉ ਛੂਟੇ ਜੰਜਾਲ॥੪॥੩॥

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੨੯੮)**
(ਅੰਮ੍ਰਿਤ ਕੀਰਤਨ ਅੰਗ ੩੯੧)

### ਭਾਵ-ਅਰਥ

ਹੇ ਮੇਰੀ ਜੀਭ! ਪਰਮਾਤਮਾ ਦੀ ਸਿਫਤ-ਸਲਾਹ ਦੇ ਗੀਤ ਗਾਇਆ ਕਰ ਤੇ ਸੰਤ-ਜਨਾਂ ਦੇ ਚਰਨਾਂ ਉਤੇ ਅਨੇਕਾਂ ਵਾਰੀ ਨਮਸਕਾਰ ਕਰਿਆ ਕਰ, ਕਿਉਂ ਕਿ ਸੰਤ ਜਨਾਂ ਦੇ ਹਿਰਦੇ ਵਿੱਚ ਸਦਾ ਪਰਮਾਤਮਾ ਦੇ ਸਰਨ ਵੱਸਦੇ ਹਨ।ਰਹਾਉ।

੧. ਹੇ ਭਾਈ! ਅਨੇਕਾਂ ਢੰਗ ਵਰਤ ਕੇ ਭੀ ਮੈਂ ਪਰਮਾਤਮਾ ਦਾ ਦਰ ਨਹੀਂ ਲੱਭ ਸਕਦਾ। ਜੇ ਪਰਮਾਤਮਾ ਆਪ ਹੀ ਦਇਆਵਾਨ ਹੋਵੇ ਤਾਂ ਮੈਂ ਉਸ ਦਾ ਧਿਆਨ ਧਰ ਸਕਦਾ ਹਾਂ।
੨. ਹੇ ਭਾਈ! ਤੀਰਥ ਯਾਤਰਾ ਆਦਿਕ ਕ੍ਰੋੜਾਂ ਹੀ ਮਿੱਥੇ ਹੋਏ ਧਾਰਮਿਕ ਕਰਮ ਕਰ ਕੇ ਮਨੁੱਖ ਦਾ ਸਰੀਰ ਪਵਿੱਤਰ ਨਹੀਂ ਹੋ ਸਕਦਾ। ਮਨੁੱਖ ਦਾ ਮਨ ਸਾਧ ਸੰਗਤ ਵਿੱਚ ਹੀ ਜਾਗਦਾ ਹੈ।
੩. ਹੇ ਭਾਈ! (ਕ੍ਰੋੜਾਂ ਕਰਮ ਕਰ ਕੇ ਭੀ ਇਸ) ਬਹੁ-ਰੰਗੀ ਮਾਇਆ ਦੀ ਤ੍ਰਿਸ਼ਨਾ ਨਹੀਂ ਮਿਟਦੀ। ਪਰ ਪਰਮਾਤਮਾ ਦਾ ਨਾਮ ਸਿਮਰਦਿਆਂ ਸਾਰੇ ਸੁੱਖ ਮਿਲ ਜਾਂਦੇ ਹਨ।
੪. ਹੇ ਨਾਨਕ! ਜਦੋਂ (ਕਿਸੇ ਪ੍ਰਾਣੀ ਉਤੇ) ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਤਦੋਂ ਪਰਮਾਤਮਾ ਦਾ ਨਾਮ ਸਿਮਰ ਕੇ ਉਸ ਮਨੁੱਖ ਦੀਆਂ ਮਾਇਆ ਦੇ ਮੋਹ ਦੀਆਂ ਸਾਰੀਆਂ ਫਾਹੀਆਂ ਟੁੱਟ ਜਾਂਦੀਆਂ ਹਨ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**
੧. ਠਾਕੁਰ ਜੀਉ ਤੁਹਾਰੋ ਪਰਨਾ (ਅੰਗ-੧੬੩)
੨. ਨਾਰਾਇਨ ਨਰਪਤਿ ਨਮਸਕਾਰੈ (ਅੰਗ-੨੦੨)



## ਰਾਗੁ ਕਾਨੜਾ (ਤੀਨ ਤਾਲ)

ਸਥਾਈ

| | | | |
|---|---|---|---|
| ਸਂ ਸਂ ਨੁ ਪ | ਗੁ ਰ ਸ ਰ | ਗੁ ਗੁ ਗੁ ਮ | ਰ ਰ ਸ ਸ |
| ਕੀ s ਰ ਤਿ | ਪ੍ਰ ਭ ਕੀ s | ਗਾ ਉ ਮੇ ਰੀ | ਰ ਸ ਨਾਂ s |
| 0 | 3 | x | 2 |
| ਰ ਰ ਰ ਰ | ਰ ਰ ਪ ਪ | ਗੁ ਗੁ ਗੁ ਮ | ਰ ਰ ਸ ਸ |
| ਅ ਨਿ ਕ ਬਾ | s ਰ ਕ ਰਿ | ਬੰ s ਦ ਨ | ਸੰ s ਤ ਨ |
| ਮ ਮ ਮ ਮ | ਨੁ ਨੁ ਪ ਪ | ਰਂ ਰਂ ਰਂ ਰਂ | ਸਂਨ ਸਂ ਨੁਂ ਪ |
| ਊ s ਹਾਂ s | ਚ ਰ ਨ ਗੋ | ਬਿੰ ਦ ਜੀ ਕੇ | ਬs ਸ ਨਾ s |

ਅੰਤਰਾ

| | | | |
|---|---|---|---|
| ਮ ਮ ਮ ਮ | ਪ ਪ ਨ ਨ | ਸਂ ਸਂ ਸਂ ਸਂ | ਰਂ ਨ ਸਂ ਸਂ |
| ਅ ਨਿ ਕ ਭਾਂ | s ਤਿ ਕ ਰਿ | ਦੁਆ s ਰੁ ਨ | ਪਾ s ਵ ਉ |
| 0 | 3 | x | 2 |
| ਰਂ ਰਂ ਰਂ ਰਂ | ਸਂ ਸਂ ਨੁ ਪ | ਗੁ ਗੁ ਗੁ ਮ | ਰ ਰ ਸ ਸ |
| ਹੋ ਇ ਕਿ ਰ | ਪਾ s ਲੁ ਤ | ਹ ਰਿ ਹ ਰਿ | ਧਿਆ s ਵ ਉ |

### ਸਥਾਈ ਦੀਆਂ ਤਾਨਾਂ

| | | | | |
|---|---|---|---|---|
| ੧. | ਸਰ ਮਪ ਨੁਪ ਮਪ | ਗੁਮ ਰਸ ਰਰ ਸ | | |
| | X | 2 | | |
| ੨. | ਮਪ ਨਸਂ ਰਂਸਂ ਨਸਂ | ਨੁਪ ਮਪ ਗੁਮ ਰਸ | | |
| | X | 2 | | |
| ੩. | ਸਰ ਮਮ ਰਮ ਪਪ | ਮਪ ਨੁਨੁ ਪਨ ਸਂਸਂ | ਨਸਂ ਰਂਰਂ ਸਂਰਂ ਗੁਂਮਂ | ਰਂਸਂ ਸਰ ਗੁਮ ਰਸ |
| | X | 2 | 0 | 3 |

**( ਕੀਰਤਿ ਪ੍ਰਭ ਕੀ ਗਾਉ – ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | | |
|---|---|---|---|---|
| ੧. | ਪਨ ਸਂਰਂ ਨਸਂ ਰਂਸਂ | ਗੁਂਮਂ ਰਂਸਂ ਰਂਰਂ ਸ | | |
| | X | 2 | | |
| ੨. | ਪ- ਨੁਪ ਨ- ਸਂਨ | ਸਂ- ਰਂਸਂ ਨ ਸਂ | ਨੁਪ ਗੁਮ ਰਰ ਸ | |
| | X | 2 | 0 | |
| ੩. | ਸਰ ਸਰ ਮਰ ਮਪ | ਮਪ ਨੁਪ ਨਸਂ ਨਸਂ | ਰਂਸਂ ਗੁਂਮਂ ਰਂਸਂ ਨੁਪ | ਗੁਮ ਰਸ ਰਰ ਸ |
| | x | 2 | 0 | 3 |

**( ਅਨਿਕ ਭਾਂਤਿ ਕਰਿ – ਇੱਕ ਵਾਰੀ ਦੁੱਗਣ ਵਿੱਚ)**

**( ਅਨਿਕ ਭਾਂਤਿ ਕਰਿ ਦੁਆਰੁ – ਤਿੰਨ ਵਾਰੀ ਦੁੱਗਣ ਵਿੱਚ)**

## ਰਾਗੁ ਕਲਿਆਨ ਮਹਲਾ ੫ ਘਰੁ ੧॥

ੴ ਸਤਿਗੁਰ ਪ੍ਰਸਾਦਿ॥

**ਹਮਾਰੈ ਏਹ ਕਿਰਪਾ ਕੀਜੈ॥**

**ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ॥੧॥ਰਹਾਉ॥**

**ਆਨ ਜਲਾ ਸਿਉ ਕਾਜੁ ਨਾ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ॥੧॥**

**ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕ ਜੀਜੈ॥੨॥੧॥**

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੨੧)

(ਅੰਮ੍ਰਿਤ ਕੀਰਤਨ ਅੰਗ ੬੧੧)

### ਭਾਵ-ਅਰਥ

ਹੇ ਪ੍ਰਭੂ! ਮੇਰੇ ਉਤੇ ਮਿਹਰ ਕਰ। ਜਿਵੇਂ ਭੌਰਾ ਫੁੱਲ ਦੇ ਰਸ ਨਾਲ ਰੀਝਿਆ ਰਹਿੰਦਾ ਹੈ, ਤਿਵੇਂ ਮੇਰਾ ਮਨ ਤੇਰੇ ਸੋਹਣੇ ਚਰਨਾਂ ਨਾਲ ਮੁੜ-ਮੁੜ ਲਿਪਟਿਆ ਰਹੇ। ਰਹਾਉ।

੧. ਹੇ ਪ੍ਰਭੂ! ਜਿਵੇਂ ਪਪੀਹੇ ਨੂੰ ਵਰਖਾ ਦੀ ਬੂੰਦ ਤੋਂ ਬਿਨਾਂ ਹੋਰ ਪਾਣੀਆਂ ਨਾਲ ਕੋਈ ਗ਼ਰਜ਼ ਨਹੀਂ ਹੁੰਦੀ, ਤਿਵੇਂ ਮੈਨੂੰ ਪਪੀਹੇ ਨੂੰ ਆਪਣੇ ਨਾਮ ਅੰਮ੍ਰਿਤ ਦੀ ਬੂੰਦ ਦੇਹ।

੨. ਹੇ ਪ੍ਰਭੂ! ਤੇਰੇ ਮਿਲਾਪ ਤੋਂ ਬਿਨਾਂ ਮੇਰੇ ਅੰਦਰ ਠੰਢ ਨਹੀਂ ਪੈਂਦੀ, ਮਿਹਰ ਕਰ, ਤੇਰਾ ਦਾਸ ਨਾਨਕ ਤੇਰਾ ਦਰਸਨ ਕਰ ਕੇ ਆਤਮਕ ਜੀਵਨ ਹਾਸਲ ਕਰਦਾ ਰਹੇ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਮੇਰੇ ਲਾਲਨ ਕੀ ਸੋਭਾ (ਅੰਗ-੧੨੭)

੨. ਪ੍ਰਭ ਕੀਜੈ ਕ੍ਰਿਪਾ ਨਿਧਾਨ (ਅੰਗ-੧੯੯)



## ਰਾਗੁ ਕਲਿਆਣ (ਤੀਨ ਤਾਲ)

ਸਥਾਈ

| | | | |
|---|---|---|---|
| .ਨ ਰ ਗ ਰ | ਗ ਮ' ਪ ਪ | ਰ ਰ ਗ ਰ | .ਨ ਰ ਸ – |
| ਹ ਮਾ ਰੈ ऽ | ਏ ऽ ਹ ऽ | ਕਿ ਰ ਪਾ ऽ | ਕੀ ऽ ਜੈ ऽ |
| 0 | 3 | x | 2 |
| ਪ ਨ ਧ ਸਂ | ਨ ਧ ਪਮ' ਪ | ਰ ਰ ਗਮ' ਪ | ਰ ਰ ਸ ਸ |
| ਅ ਲਿ ਮ ਕ | ਰੰ ऽ ਦऽ ऽ | ਚ ਰ ਨऽ ਕ | ਮ ਲ ਸਿ ਉ |

ਮਨੁ ਫੇਰਿ ਫੇਰਿ ਰੀਝੈ........(ਪਹਿਲੀ ਲਾਈਨ ਅਨੁਸਾਰ)

ਅੰਤਰਾ

| | | | |
|---|---|---|---|
| ਪ ਪ ਪ ਪ | ਨ ਧ ਸਂ ਸਂ | ਨ ਰਂ ਗਂ ਰਂ | ਸਂ ਨ ਧ ਪ |
| ਆ ऽ ਨ ਜ | ਲਾ ऽ ਸਿ ਉ | ਕਾ ऽ ਜੁ ਨ | ਕ ਛੂ ਐ ऽ |
| 0 | 3 | x | 2 |
| ਸਂ ਗਂ ਰਂ ਸਂ | ਨ ਧ ਪਮ' ਪ | ਰ ਰ ਗਮ' ਪ | ਰ ਰ ਸ ਸ |
| ਹ ऽ ਰਿ ऽ | ਬੂੰ ऽ ਦऽ ਚਾ | ਤ੍ਰਿ ਕ ਕऽ ਉ | ਦੀ ऽ ਜੈ ऽ |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. .ਨਰ ਗਰ ਗਮ' ਪਪ | ਰਰ ਗਰ .ਨਰ ਸ | | |
| X | 2 | | |
| ੨. .ਨਰ ਗਰ ਗਮ' ਪਮ' | ਗਮ' ਪਮ' ਗਰ ਸ | | |
| X | 2 | | |
| ੩. ਪਮ' ਗਮ' ਪਧ ਮ'ਪ | ਨਨ ਧਪ ਮ'ਧ ਪ | ਸਂਨ ਧਪ ਮ'ਧ ਪ | ਗਮ' ਪਮ' ਗਰ ਸ |
| X | 2 | 0 | 3 |

( ਹਮਾਰੈ ਏਹ ਕਿਰਪਾ - ਤਿੰਨ ਵਾਰੀ ਦੁੱਗਣ ਵਿੱਚ)

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਪਮ ਗਮ' ਪਧ ਮ'ਪ | ਨਨ ਧਪ ਮ'ਧ ਪ | | |
| X | 2 | | |
| ੨. ਮ'ਧ ਨਸਂ ਨਧ ਪ | ਗਮ' ਪਮ' ਗਰ ਸ | | |
| X | 2 | | |
| ੩. ਸਂਨ ਧਪ ਮ'ਪ ਸਂਨ | ਧਪ ਮ'ਪ ਨਨ ਧਪ | ਮ'ਧ ਪ ਗਮ' ਪਮ' | ਗਮ' ਗਰ ਗਮ' ਪ |
| X | 2 | 0 | 3 |

(ਆਨ ਜਲਾ ਸਿਉ ਕਾਜ - ਤਿੰਨ ਵਾਰੀ ਦੁੱਗਣ ਵਿੱਚ)

## ਪ੍ਰਭਾਤੀ ਮਹਲਾ ੫ ॥

**ਸਤਿਗੁਰਿ ਪੂਰੈ ਨਾਮੁ ਦੀਆ॥**
**ਅਨਦ ਮੰਗਲ ਕਲਿਆਣ ਸਦਾ ਸੁਖੁ**
**ਕਾਰਜੁ ਸਗਲਾ ਰਾਸਿ ਥੀਆ॥੧॥ ਰਹਾਉ॥**
**ਚਰਨ ਕਮਲ ਗੁਰ ਕੇ ਮਨਿ ਵੂਠੇ॥**
**ਦੂਖ ਦਰਦ ਭ੍ਰਮ ਬਿਨਸੇ ਝੂਠੇ॥੧॥**
**ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥**
**ਆਠ ਪਹਰ ਹਰਿ ਸਿਮਰਹੁ ਪ੍ਰਾਣੀ॥੨॥**
**ਘਰਿ ਬਾਹਰਿ ਪ੍ਰਭੁ ਸਭਨੀ ਥਾਈ॥**
**ਸੰਗਿ ਸਹਾਈ ਜਹ ਹਉ ਜਾਈ॥੩॥**
**ਦੁਇ ਕਰ ਜੋੜਿ ਕਰੀ ਅਰਦਾਸਿ॥**
**ਸਦਾ ਜਪੇ ਨਾਨਕੁ ਗੁਣਤਾਸੁ॥੪॥੯॥**

**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੦)**
(ਅੰਮ੍ਰਿਤ ਕੀਰਤਨ ਅੰਗ ੯੪੧)

### ਭਾਵ-ਅਰਥ

ਹੇ ਭਾਈ, ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਪਰਮਾਤਮਾ ਦੇ ਨਾਮ ਦਾ ਖਜ਼ਾਨਾ ਬਖਸ਼ਿਆ ਹੈ। ਉਸ ਦੇ ਅੰਦਰ ਆਨੰਦ, ਸ਼ਾਂਤੀ ਤੇ ਖੁਸ਼ੀ ਰੂਪੀ ਸੁੱਖ ਸਦਾ ਬਣ ਗਿਆ। ਉਸ ਦੀ ਜਿੰਦਗੀ ਦਾ ਸਾਰਾ ਹੀ ਮਨੋਰਥ ਸਫਲ ਹੋ ਗਿਆ ।ਰਹਾਉ।

੧. ਹੇ ਭਾਈ! ਜਿਸ ਮਨੁੱਖ ਦੇ ਮਨ ਵਿੱਚ ਗੁਰੂ ਦੇ ਸਦਕੇ ਚਰਨ ਆ ਵਸੇ, ਉਸਦੇ ਸਾਰੇ ਦੁੱਖ ਦੂਰ ਹੋ ਗਏ। ਨਾਸ਼ਵੰਤ ਪਦਾਰਥਾਂ ਦੀ ਖਾਤਿਰ ਸਾਰੀਆਂ ਭਟਕਣਾਂ ਉਸਦੇ ਅੰਦਰੋਂ ਮੁੱਕ ਗਈਆਂ।
੨. ਹੇ ਪ੍ਰਾਣੀਓ! ਸਦਾ ਉਠ ਕੇ ਨਿਤ ਆਹਰ ਨਾਲ ਪਰਮਾਤਮਾ ਦੀ ਸਿਫਤ-ਸਲਾਹ ਦੀਬਾਣੀ ਗਾਵਿਆ ਕਰੋ ਅਤੇ ਅੱਠੇ ਪਹਿਰ ਪਰਮਾਤਮਾ ਦਾ ਸਿਮਰਨ ਕਰਿਆ ਕਰੋ।
੩. ਹੇ ਭਾਈ! ਮੈਂ ਜਿੱਥੇ ਵੀ ਜਾਂਦਾ ਹਾਂ, ਮੈਨੂੰ ਪਰਮਾਤਮਾ ਤੇਰੇ ਨਾਲ ਮੱਦਦਗਾਰ ਦਿਸਦਾਹੈ। ਘਰ ਦੇ ਅੰਦਰ ਤੇ ਬਾਹਰ ਹਰ ਥਾਂ, ਸਭ ਥਾਵਾਂ ਵਿੱਚੋਂ ਮੈਨੂੰ ਪਰਮਾਤਮਾ ਹੀ ਦਿੱਸਦਾ ਹੈ।
੪. ਹੇ ਭਾਈ! ਮੈਂ ਤਾਂ ਦੋਵੇਂ ਹੱਥ ਜੋੜ ਕੇ ਅਰਜੋਈ ਕਰਦਾ ਰਹਿੰਦਾ ਹਾਂ, ਕਿ ਉਸ ਪ੍ਰਭੂ ਦਾ ਦਾਸ ਨਾਨਕ ਸਦਾ ਗੁਣਾਂ ਦੇ ਖਜ਼ਾਨੇ ਪ੍ਰਭੂ ਦਾ ਨਾਮ ਜਪਦਾ ਰਹੇ।

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**
੧. ਕਰਤਾ ਤੂ ਮੇਰਾ ਜਜਮਾਨੁ (ਅੰਗ-੩੯੩)
੨. ਤੂਹੈ ਹੈ ਵਾਹੁ ਤੇਰੀ ਰਜਾਇ (ਅੰਗ-੭੭੩)



## ਰਾਗੁ ਪ੍ਰਭਾਤੀ (ਤੀਨ ਤਾਲ)

ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਧ** | **ਸਂ** | **ਨ** | **ਧ** | **ਪ** | **ਗ** | **ਪ** | **ਪ** | **ਧ** | **ਧ** | **ਧ** | **ਧ** | **ਧ** | **ਧ** | **ਪ** | **ਪ** |
| ਸ | ਤਿ | ਗੁ | ਰਿ | ਪੂ | ऽ | ਰੈ | ऽ | ਨਾ | ऽ | ਮੁ | ਦੀ | ਆ | ऽ | ऽ | ऽ |
| 0 | | | | 3 | | | | x | | | | 2 | | | |
| **ਧ** | **ਧ** | **ਧ** | **ਧ** | **ਪ** | **ਪ** | **ਪ** | **ਪ** | **ਗ** | **ਗ** | **ਧ** | **ਪ** | **ਗ** | **ਰ** | **ਸ** | **ਸ** |
| ਅ | ਨ | ਦ | ਮੰ | ਗ | ਲ | ਕ | ਲਿ | ਆ | ऽ | ਣ | ਸ | ਦਾ | ऽ | ਸੁ | ਖ |
| **ਸਂ** | **ਸਂ** | **ਸਂ** | **ਸਂ** | **ਸਂ** | **ਸਂ** | **ਗਂ** | **ਰਂ** | **ਸਂ** | **ਨ** | **ਧ** | **ਪ** | **ਧ** | **ਧ** | **ਪ** | **ਪ** |
| ਕਾ | ऽ | ਰ | ਜ | ਸ | ਗ | ਲਾ | ऽ | ਰਾ | ऽ | ਸਿ | ਥੀ | ਆ | ऽ | ऽ | ऽ |

ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| **ਪ** | **ਪ** | **ਪ** | **ਧ** | **ਸਂ** | **ਸਂ** | **ਸਂ** | **ਸਂ** | **ਸਂ** | **ਸਂ** | **ਗਂ** | **ਰਂ** | **ਸਂ** | **ਨ** | **ਧ** | **ਪ** |
| ਚ | ਰ | ਨ | ਕ | ਮ | ਲ | ਗੁ | ਰ | ਕੇ | ऽ | ਮ | ਨਿ | ਵੂ | ऽ | ਠੇ | ऽ |
| 0 | | | | 3 | | | | x | | | | 2 | | | |
| **ਸਂ** | **ਸਂ** | **ਸਂ** | **ਸਂ** | **ਨ** | **ਨ** | **ਧ** | **ਧ** | **ਪ** | **ਧ** | **ਧ** | **ਧ** | **ਧ** | **ਧ** | **ਪ** | **ਪ** |
| ਦੂ | ऽ | ਖ | ਦ | ਰ | ਦ | ਭ੍ਰ | ਮ | ਬਿ | ਨ | ਸੇ | ऽ | ਝੂ | ऽ | ਠੇ | ऽ |
| **ਧ** | **ਧ** | **ਧ** | **ਧ** | **ਪ** | **ਪ** | **ਪ** | **ਪ** | **ਗ** | **ਗ** | **ਧ** | **ਪ** | **ਗ** | **ਰ** | **ਸ** | **ਸ** |
| ਦੂ | ऽ | ਖ | ਦ | ਰ | ਦ | ਭ੍ਰ | ਮ | ਬਿ | ਨ | ਸੇ | ऽ | ਝੂ | ऽ | ਠੇ | ऽ |
| 0 | | | | 3 | | | | x | | | | 2 | | | |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਸਰ ਗਪ ਧਪ ਗਪ | ਸਂਨ ਧਪ ਗਪ ਧਪ | | |
| X | 2 | | |
| ੨. ਗਪ ਧਪ ਧਨ ਧਪ | ਗਗ ਧਪ ਗਰ ਸ | | |
| X | 2 | | |
| ੩. ਸਰ ਗਪ ਧਸਂ ਨਧ | ਸਂਨ ਧਪ ਗਪ ਧਪ | ਧਧ ਪਪ ਗਗ ਰਰ | ਪਪ ਗਗ ਰਰ ਸ |
| X | 2 | 0 | 3 |

**( ਸਤਿਗੁਰਿ ਪੂਰੈ ਨਾਮ - ਤਿੰਨ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਪਧ ਸਂਰਂ ਗਂਰਂ ਸਂ | ਸਂਰਂ ਸਂਨ ਧਧ ਪ | | |
| x | 2 | | |
| ੨. ਗਂਗਂ ਰਂਗਂ ਰਂਸਂ ਰਂਸਂ | ਸਂਰਂ ਸਂਨ ਧਪ ਗਪ | | |
| x | 2 | | |
| ੩. ਸੁ- ਰਸ ਰੁ- ਗਰ | ਗੁ- ਪਗ ਪੁ- ਧਪ | ਧੁ- ਸਂਧ ਸੁਂ- ਰਂਸਂ | ਰੁਂ- ਗਂਰਂ ਸਂ ਸਂ |
| ਸਂਰਂ ਸਂਨ ਧਧ ਪ | ਗਗ ਧਪ ਗਰ ਸ | | |
| 0 | 3 | x | 2 |

**(ਚਰਨ ਕਮਲ ਗੁਰ ਕੇ ਮਨਿ-ਤਿੰਨ ਵਾਰੀ ਦੁੱਗਣ ਵਿੱਚ)**

## ਜੈਜਾਵੰਤੀ ਮਹਲਾ ੯ ॥

ਰੇ ਮਨ ਕਉਨ ਗਤਿ ਹੋਇ ਹੈ ਤੇਰੀ॥
ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸਨਿਓ ਕਾਨਿ॥
ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ॥੧॥ ਰਹਾਉ॥
ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ॥
ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ॥੧॥
ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ॥
ਸਿਮਰਤ ਨਹ ਕਿਉ ਮੁਰਾਰਿ ਮਾਇਆ ਜਾ ਕੀ ਚੇਰੀ॥੨॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੫੨)

### ਭਾਵ-ਅਰਥ

ਹੇ ਮਨ! ਤੂੰ ਇਹ ਨਹੀਂ ਸੋਚਦਾ ਕਿ ਤੇਰੀ ਕੀ ਦਸ਼ਾ ਹੋਏਗੀ। ਇਸ ਜਗਤ ਵਿੱਚ ਤੇਰਾ ਅਸਲ ਸਾਥੀ ਪਰਮਾਤਮਾ ਦਾ ਨਾਮ ਹੀ ਹੈ। ਉਹ ਨਾਮ ਤੂੰ ਕਦੇਧਿਆਨ ਨਾਲ ਸੁਣਿਆ ਨਹੀਂ। ਤੂੰ ਵਿਸ਼ਿਆਂ ਵਿੱਚ ਬਹੁਤ ਫਸਿਆ ਰਹਿੰਦਾ ਹੈਂ, ਤੇ ਆਪਣੀ ਸੁਰਤ ਇਨ੍ਹਾਂ ਵੱਲੋਂ ਕਦੇ ਹਟਾਉਂਦਾ ਨਹੀਂ ।ਰਹਾਉ।

੧. ਹੇ ਭਾਈ! ਤੂੰ ਮਨੁੱਖ ਦਾ ਜਨਮ ਤਾਂ ਹਾਸਿਲ ਕੀਤਾ ਹੈ, ਪਰ ਕਦੇ ਰਤਾ ਭਰ ਸਮੇਂ ਲਈ ਭੀ ਪਰਮਾਤਮਾ ਦਾ ਸਿਮਰਨ ਤੂੰ ਨਹੀਂ ਕੀਤਾ।ਤੂੰ ਸਦਾ ਇਸਤਰੀ ਦੇ ਸੁੱਖਾਂ ਦੇ ਅਧੀਨ ਹੋਇਆ ਰਹਿੰਦਾ ਹੈਂ, ਤੇਰੇ ਪੈਰਾਂ ਵਿੱਚ ਇਸਤਰੀ ਦੇ ਮੋਹ ਦੀ ਬੇੜੀ ਪਈ ਰਹਿੰਦੀ ਹੈ।

੨. ਦਾਸ ਨਾਨਕ ਤੈਨੂੰ ਪੁਕਾਰ ਕੇ ਆਖਦਾ ਹੈ ਕਿ ਇਸ ਜਗਤ ਦਾ ਖਿਲਾਰਾ ਸੁਪਨੇ ਵਰਗਾ ਹੀ ਹੈ।ਇਹ ਮਾਇਆ ਜਿਸ ਦੀ ਦਾਸੀ ਹੈ ਤੂੰ ਉਸ ਪਰਮਾਤਮਾ ਦਾ ਸਿਮਰਨ ਕਿਉਂ ਨਹੀਂ ਕਰਦਾ?

**ਹੋਰ ਸ਼ਬਦ (ਅੰਮ੍ਰਿਤ ਕੀਰਤਨ) –**

੧. ਬੀਤ ਜੈਹੈ ਬੀਤ ਜੈਹੈ (ਅੰਗ-੭੫੭)
੨. ਰਾਮ ਭਜੁ ਰਾਮ ਭਜੁ (ਅੰਗ-੭੭੦)



## ਰਾਗੁ ਜੈਜਾਵੰਤੀ (ਤੀਨ ਤਾਲ)

ਸਥਾਈ

| | | | |
|---|---|---|---|
| ਰ ਗੁ ਰ ਸ | .ਨ ਸ .ਧ .ਨੁ | ਰ – ਰ – | ਰ ਗ ਮ ਗ |
| ਕਉ ਨ ਗ ਤਿ | ਹੋ ਇ ਹੈ ਤੇ | ਰੀ s s s | ਰੇ s ਮ ਨ |
| 0 | 3 | x | 2 |
| ਮ ਨੁ ਧਧ ਸਂਸਂ | ਨੁ ਧਪ ਮ ਗ | ਮ ਨੁਨੁ ਧ ਸਂ | ਨੁ ਧਪ ਮ ਗ |
| ਇ ਹ ਜਗ ਮਹਿ | ਰਾ ਮs ਨਾ ਮ | ਸੋ ਤਉ ਨ ਹੀ | ਸੁ ਨਿਉ ਕਾ ਨ |
| ਗ ਗ ਗ ਗ | ਰ ਗ ਮ ਪ | ਮ ਮ ਗ ਮ | ਰ ਗੁ ਰ ਸ |
| ਬਿਖਿ ਅਨ ਸਿ ਉ | ਅਤਿ ਲੁ ਭਾ ਨ | ਮ ਤਿ ਨਾ ਹਿਨ | ਫੇ s ਰੀ s |

ਅੰਤਰਾ

| | | | |
|---|---|---|---|
| ਗ ਮ ਧਧ ਨ | ਸਂ ਨਨ ਸਂ ਸਂ | ਰਂ ਗੁਂ ਰਂਰਂ ਸਂਸਂ | ਨ ਸਂਸਂ ਨੁ ਧ |
| ਮਾ s ਨਸ ਕੋ | ਜ ਨਮ ਲੀ ਨ | ਸਿ ਮ ਰਨ ਨਹ | ਨਿ ਮਖ ਕੀ ਨੁ |
| 0 | 3 | x | 2 |
| ਧ ਧ ਧ ਧ | ਪ ਨੁ ਧ ਪ | ਮ ਮ ਗ ਮ | ਰ ਗੁ ਰ ਸ |
| ਦਾ ਰਾ ਸੁ ਖ | ਭ ਇਓ ਦੀ ਨੁ | ਪ ਗਹੁ ਪ ਰੀ | ਬੇ s ਰੀ s |

### ਸਥਾਈ ਦੀਆਂ ਤਾਨਾਂ

| | | | |
|---|---|---|---|
| ੧. ਰਗੁ ਰਸ .ਨਸ ਰਸ<br>X | .ਨਸ .ਧ.ਨੁ ਰ ਰ<br>2 | | |
| ੨. ਰਗ ਮਪ ਮਗ ਮਗ<br>X | ਰਗੁ ਰਸ .ਨਸ ਰਸ<br>2 | | |
| ੩. ਗਮ ਧਨ ਸਂ ਸਂ<br>X | ਨੁਧ ਪਧ ਮਗ ਮ<br>2 | ਰਗੁ ਰਸ .ਨ ਸ<br>0 | |

**( ਕਉਨ ਗਤਿ ਹੋਇ ਹੈ – ਇੱਕ ਵਾਰੀ ਦੁੱਗਣ ਵਿੱਚ)**

### ਅੰਤਰੇ ਦੀਆਂ ਤਾਨਾਂ

| | | | |
|---|---|---|---|
| ੧. ਗਮ ਧਨ ਸਂ ਸਂ<br>0 | ਰਂਗੁਂ ਰਂਸਂ ਨਸਂ ਰਂਸਂ<br>3 | ਨੁਧ ਪਧ ਮਗ ਰਗੁ<br>x | ਰਗੁ ਰਸ ਰਰ ਸ<br>2 |
| ੨. ਨਸਂ ਰਂਸਂ ਰਂਗੁਂ ਰਂਸਂ<br>0 | ਨਸਂ ਰਂਸਂ ਨੁਧ ਪਧ<br>3 | ਮਗ ਰਗੁ ਰਸ .ਨਸ<br>x | ਰਸ .ਨਸ ਰਸ .ਨਸ<br>2 |
| ੩. ਗਮ ਗਮ ਧਮ ਧਨ<br>0 | ਧਨ ਸਂ ਸਂ ਰਂਗਂ<br>3 | ਮਂਗਂ ਰਂਗੁਂ ਰਂਸਂ ਸਂਨੁ<br>x | ਧਪ ਮਗ ਰਗੁ ਰਸ<br>2 |

# ਸਵੱਰ ਸਮੁੰਦ

*Swar Samund*

## ਕੀਰਤਨ ਅਕੈਡਮੀ ਸਿਲੇਬਸ

ਥੀਊਰੀ ਭਾਗ

## ਸਵੱਰ ਸਮੁੰਦ ਕੀਰਤਨ ਅਕੈਡਮੀ (ਸਿਲੇਬਸ - ਥੀਊਰੀ ਭਾਗ)

| ਕੋਰਸ | ਕੋਰਸਾਂ ਦੇ ਨਾਮ | ਸੰਗੀਤਕ ਤਕਨੀਕੀ ਸ਼ਬਦਾਵਲੀ | ਤਾਲਾਂ | ਗੁਰੂ ਘਰ ਵਿੱਚ ਵਰਤਦੇ ਸਾਜਾਂ ਦਾ ਗਿਆਨ | ਜੀਵਨੀਆਂ | ਨਿਬੰਧ |
|---|---|---|---|---|---|---|
| ੧. | ਗੁਰਮਤਿ ਸੰਗੀਤ ਪ੍ਰਵੇਸ਼ਕਾ | ਸਵੱਰ-(ਸ਼ੁੱਧ,ਕੋਮਲ, ਤੀਬਰ),ਤਾਲ ਮਾਤਰਾ ਸਪਤਕ (ਮੰਦਰ,ਮੱਧ, ਤਾਰ) ਅਰੋਹ,ਅਵਰੋਹ | ਕੈਹਿਰਵਾ, ਦਾਦਰਾ, ਤੀਨ ਤਾਲ। | ਹਾਰਮੋਨੀਅਮ,ਤਬਲਾ | ਭਾਈ ਮਰਦਾਨਾ ਜੀ, ਭਾਈ ਸੱਤਾ ਬਲਵੰਡ | ਗੁਰਮਤਿ ਵਿੱਚ ਕੀਰਤਨ ਪ੍ਰੰਪਰਾ ਦਾ ਕ੍ਰਮਬੱਧ ਵਿਕਾਸ।<br>ਗੁਰੁ ਨਾਨਕ ਸੰਗੀਤਕਾਰ ਦੇ ਰੂਪ'ਚ |
| ੨. | ਗੁਰਮਤਿ ਸੰਗੀਤ ਪ੍ਰਵੇਸ਼ਕਾ ਪੂਰਨ | ਜਾਤੀ,ਵਾਦੀ,ਸੰਵਾਦੀ, ਵਰਜਿਤ ਸਵੱਰ,ਸਮਾਂ, ਮੁੱਖ ਅੰਗ,ਰਾਗੁ, ਆਲਾਪ,ਪਕੜ, ਅਲੰਕਾਰ। | ਝਪਤਾਲ, ਰੂਪਕ ਏਕਤਾਲ। | ਢੋਲਕੀ,ਢੱਡ | ਭਾਈ ਬਾਬਕ ਜੀ, ਮਹੰਤ ਗੱਜਾ ਸਿੰਘ | ਢਾਡੀ ਪਰੰਪਰਾ ਦਾ ਆਰੰਭ, ਗੁਰੂ ਨਾਨਕ ਢਾਡੀ ਦੇ ਰੂਪ ਵਿੱਚ।<br>ਸੰਤਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਇੱਕ ਸੰਗੀਤਕਾਰ ਦੇ ਰੂਪ ਵਿੱਚ |
| ੩. | ਗੁਰਮਤਿ ਸੰਗੀਤ ਮਧਿਅਮਾ | ਥਾਟ,ਨਾਦ,ਸ਼ਰੁਤੀ, ਤਾਲ,ਖਾਲੀ,ਅਨੁਵਾਦੀ ਵਿਵਾਦੀ,ਆਵਰਤਨ ਲੈਯ | ਦੀਪਚੰਦੀ<br>ਚਾਰਤਾਲ | ਸਿਤਾਰ,ਮ੍ਰਿਦੰਗ | ਬਾਬਾ ਸ਼ਾਮ ਸਿੰਘ<br>ਭਾਈ ਮਨਸ਼ਾ ਸਿੰਘ | ਗੁਰਮਤਿ ਸੰਗੀਤ-ਸਿਧਾਂਤ ਤੇ ਸਰੂਪ<br>ਗੁਰੂ ਘਰ ਦੀ ਪਰੰਪਰਾਵਾਦੀ ਕੀਰਤਨ ਸ਼ੈਲੀ ਤੇ ਆਧੁਨਿਕ ਕੀਰਤਨ ਸ਼ੈਲੀ ਦਾ ਤੁਲਨਾਤਮਿਕ ਅਧਿਐਨ। |

| | | | | | | |
|---|---|---|---|---|---|---|
| ੪. | ਗੁਰਮਤਿ ਸੰਗੀਤ ਮਧਿਅਮਾ ਪੂਰਨ | ਸ਼ਬਦ,ਅੰਕ,ਰਹਾਉ, ਮਹਲਾ,ਸਥਾਈ, ਅੰਤਰਾ,ਸੰਚਾਰੀ ਅਭੋਗ,ਪੜਤਾਲ, ਚਉਕੀ, ਵਾਰ,ਛਕਾ | ਤੀਬਰ ਤਲਵਾੜਾ ਪਉੜੀ ਤਾਲ | ਰਬਾਬ, ਸਾਰੰਗੀ | ਭਾਈ ਹੀਰਾ ਸਿੰਘ ਭਾਈ ਸਮੁੰਦ ਸਿੰਘ | ਗੁਰਮਤਿ ਸੰਗੀਤ ਦੀ ਚਉਕੀ ਪ੍ਰੰਪਰਾ ਪੜਤਾਲ ਗਾਇਨ ਸ਼ੈਲੀ ਅਧਿਐਨ। |
| ੫. | ਗੁਰਮਤਿ ਸੰਗੀਤ ਸਵੱਰ ਸਮੁੰਦ | ਪਦ,ਦੁਪਦੇ,ਤਿਪਦੇ, ਚਉਪਦੇ,ਘਰ,ਪੂਰਵ –ਰਾਗੁ,ਉਤਰ ਰਾਗੁ, ਗ੍ਰਹ ਅੰਸ਼,ਨਿਆਰਾ, ਵਰਕ ਸਵੱਰ,ਪਉੜੀ, ਪਖਾਵਜ। | ਆੜਾ,ਚੁਤਾਲਾ ਧੁਮਾਰ,ਪਉੜੀ | ਤਾਨਪੁਰਾ,ਦਿਲਰੁਬਾ | ਪੰਡਿਤ ਨੱਥੂ ਰਾਮ ਭਾਈ ਸੁਰਜਨ ਸਿੰਘ ਭਾਈ ਸੰਤਾ ਸਿੰਘ | ਆਦਿ ਗ੍ਰੰਥ ਦਾ ਸੰਗੀਤਕ ਪਰੀਚੈ ਤੇ ਗੁਰੂ ਘਰ ਦੀਆਂ ਚੌਂਕੀਆਂ। |
| ੬. | ਗੁਰਮਤਿ ਸੰਗੀਤ ਸਵੱਰ ਸਮੁੰਦ ਪੂਰਨ | ਧਰੁਪਦ,ਧੁਮਾਰ, ਗਮਕ,ਆਲਾਪ, ਤਾਨ, ਮੀਂਡ, ਆਸ਼ਰੀਯ ਰਾਗੁ, ਜਾਨਯ ਰਾਗੁ, ਜਨਕਠਾਠ,ਲਗੀ, ਮੁਕਾਅ। | ਫਿਰੋਦਸਤ ਪੰਜਾਬੀ ਠੇਕਾ ਪੰਚਮ | ਸਿਰੰਦਾ,ਤਾਊਸ | ਭਾਈ ਅਬਦੁੱਲਾ ਜੀ ਭਾਈ ਨੱਥੂ ਮਲ ਭਾਈ ਅਵਤਾਰ ਸਿੰਘ ਪ੍ਰੋ. ਤਾਰਾ ਸਿੰਘ ਜੀ | ਗੁਰਮਤਿ ਸੰਗੀਤ ਦੇ ਵਿਕਾਸ ਵਿੱਚ ਸੰਸਥਾਵਾਂ ਦਾ ਯੋਗਦਾਨ। ਗੁਰਮਤਿ ਸੰਗੀਤ ਦੇ ਘਰਾਣੇ ਤੇ ਸਾਹਿਤਕ ਕਾਵ-ਰੂਪਾਂ ਦੀਆਂ ਕੀਰਤਨ ਸ਼ੈਲੀਆਂ। |

## ਸਵੱਰ ਸਮੁੰਦ ਕੀਰਤਨ ਅਕੈਡਮੀ (ਸਿਲੇਬਸ - ਪ੍ਰਯੋਗੀ ਭਾਗ)

| ਕੋਰਸ | ਕੋਰਸਾਂ ਦੇ ਨਾਮ | ਮੁੱਖ ਰਾਗੁ | ਗਉੜੀਆਂ | ਰਾਗੁਾਂ ਦੇ ਪ੍ਰਕਾਰ | ਭਾਰਤੀ ਸੰਗੀਤ ਦੇ ਰਾਗੁ | ਰਾਗੁਾਂ ਦੀ ਗਿਣਤੀ |
|---|---|---|---|---|---|---|
| ੧. | ਗੁਰਮਤਿ ਸੰਗੀਤ ਪ੍ਰਵੇਸ਼ਕਾ | ਰਾਗੁ ਆਸਾ, ਬਿਲਾਵਲ,ਭੈਰਉ ਕਲਿਆਣ | – | – | ਭੁਪਾਲੀ ਤੇ ਤਿਲਕ ਕਮੋਦ | ੬ |
| ੨. | ਗੁਰਮਤਿ ਸੰਗੀਤ ਪ੍ਰਵੇਸ਼ਕਾ ਪੂਰਨ | ਰਾਗੁ ਗਉੜੀ,ਗੌਂਡ, ਕੇਦਾਰਾ, ਸਾਰੰਗ, ਪ੍ਰਭਾਤੀ। | ਗਉੜੀ ਗੁਆਰੇਰੀ | ਨਟ | ਮਾਲਕੌਂਸ ਕਾਫੀ | ੯ |
| ੩. | ਗੁਰਮਤਿ ਸੰਗੀਤ ਮਧਿਅਮਾ | ਰਾਗੁ ਬਿਹਾਗੜਾ, ਤਿਲੰਗ, ਗੂਜਰੀ, ਟੋਡੀ, ਰਾਮਕਲੀ, ਮਲਾਰ। | ਗਉੜੀ ਬੈਰਾਗੁਣਿ, ਗਉੜੀ ਦੀਪਕੀ। | ਦੇਵਗੰਧਾਰੀ, ਆਸਾਵਰੀ, ਕਲਿਆਣ-ਭੂਪਾਲੀ। | ਜੌਨਪੁਰੀ, ਗੁਣਕਲੀ, ਭੀਮ ਪਲਾਸੀ, ਖਮਾਜ। | ੧੫ |
| ੪. | ਗੁਰਮਤਿ ਸੰਗੀਤ ਮਧਿਅਮਾ ਪੂਰਨ | ਰਾਗੁ ਕਾਨੜਾ, ਧਨਾਸਰੀ,ਮਾਝ, ਮਾਰੂ, ਸੂਹੀ, ਦੇਵਗੰਧਾਰੀ | ਗਉੜੀ ਚੇਤੀ, ਗਉੜੀ ਪੂਰਬੀ | ਤਲੰਗ ਕਾਫੀ, ਬਿਲਾਵਲ ਗੋਂਡ, ਬਿਲਾਵਲ ਮੰਗਲ, ਆਸਾ ਕਾਫੀ, ਸੂਹੀ ਕਾਫੀ। | ਸ਼ੰਕਰਾ,ਛਾਇਆਨਟ, ਮਾਰਵਾ, ਲਲਿਤ। | ੧੭ |

| | | | | | | |
|---|---|---|---|---|---|---|
| ੫. | ਗੁਰਮਤਿ ਸੰਗੀਤ ਸਵੱਰ ਸਮੁੰਦ | ਰਾਗੁ ਜੈਤਸਰੀ, ਬੈਰਾੜੀ, ਬਸੰਤ ਤੁਖਾਰੀ ਜੈਜਾਵੰਤੀ | ਗਉੜੀ ਮਾਝ ਗਉੜੀ ਮਾਲਵਾ, ਗਉੜੀ ਪੂਰਬੀ ਦੀਪਕੀ। | ਆਸਾਵਰੀ,ਸੁਧੰਗ, ਵਡਹੰਸ ਦੱਖਣੀ ਸੂਹੀ ਲਲਿਤ, ਬਿਲਾਵਲ ਦੱਖਣੀ,ਮਾਰੂ ਕਾਫੀ | ਅੜਾਨਾ,ਸ਼ੁੱਧ ਕਲਿਆਣ ਪੁਰੀਆ,ਧਨਾਸਰੀ,ਹਮੀਰ, ਰਾਗੇਸ਼ਰੀ | ੧੮ |
| ੬. | ਗੁਰਮਤਿ ਸੰਗੀਤ ਸਵੱਰ ਸਮੁੰਦ ਪੂਰਨ | ਸ੍ਰੀ ਰਾਗੁ,ਵਡਹੰਸ, ਸੋਰਠਿ,ਨਟ ਨਾਰਾਇਣ, ਮਾਲੀ ਗਉੜਾ | ਗਉੜੀ ਮਾਲਾ ਗਉੜੀ ਸੋਰਠਿ ਗਉੜੀ ਦੱਖਣੀ | ਪ੍ਰਭਾਤੀ ਦੱਖਣੀ, ਰਾਮਕਲੀ ਦੱਖਣੀ ਮਾਰੂ ਦੱਖਣੀ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ। | ਬਿਹਾਗ,ਹਿੰਡੋਲ,ਨੈਕੀ ਕਾਨੜਾ, ਸ਼ੁੱਧ ਕਲਿਆਣ,ਬਾਗੇਸ਼ਰੀ। **ਕੁੱਲ** | ੧੯ **੮੪ ਰਾਗੁ** |

## ੧. ਗੁਰਮਤਿ ਸੰਗੀਤ ਪ੍ਰਵੇਸ਼ਕਾ

### (ਥੀਊਰੀ)

**੧.** ਹੇਠ ਲਿਖੀਆਂ ਪ੍ਰੀਭਾਸ਼ਾਵਾਂ ਦਾ ਗਿਆਨ।
ਸਵੱਰ, (ਸ਼ੁੱਧ,ਕੋਮਲ,ਤੀਬਰ), ਤਾਲ, ਮਾਤਰਾ, ਸਪਤਕ (ਮੰਦਰ, ਮੱਧ, ਤਾਰ), ਆਰੋਹ, ਅਵਰੋਹ।
ਸਿਲੇਬਸ ਦੇ ਨਿਰਧਾਰਤ ਕੀਤੇ ਰਾਗ – ਆਸਾ, ਬਿਲਾਵਲ, ਭੈਰਉ, ਕਲਿਆਣ, ਭੁਪਾਲੀ ਤੇ ਤਿਲਕ ਕਾਮੋਦ ਦਾ ਵਿਵਰਣ ਸਪਸ਼ਟ ਕਰਨਾ।

**੨.** ਤਿੰਨ ਤਾਲ, ਦਾਦਰਾ ਤੇ ਕਹਿਰਵਾ ਆਦਿ ਤਾਲਾਂ ਦਾ ਗਿਆਨ ।

**੩.** ਹਾਰਮੋਨੀਅਮ ਤੇ ਤਬਲੇ ਆਦਿ ਸਾਜਾਂ ਦੀ ਮਹੱਤਤਾ।

**੪.** ਭਾਈ ਮਰਦਾਨਾ, ਭਾਈ ਸੱਤਾ, ਬਲਵੰਡ ਦੀਆਂ ਜੀਵਨੀਆਂ।

**੫.** ਗੁਰਮਤਿ ਵਿੱਚ ਕੀਰਤਨ ਮਰਿਯਾਦਾ ਦਾ ਕ੍ਰਮਬੱਧ ਵਿਕਾਸ।

**੬.** ਗੁਰੂ ਨਾਨਕ ਦੀ ਪ੍ਰਤੀਭਾ ਸੰਗੀਤਕਾਰ ਦੇ ਰੂਪ ਵਿੱਚ।

### ਪ੍ਰਯੋਗੀ (ਪ੍ਰੈਕਟੀਕਲ) :

**੧.** ਸ਼ੁੱਧ ਸਵੱਰਾਂ ਦੇ ਦਸ ਅਲੰਕਾਰਾਂ ਨੂੰ ਲੈਅ ਵਿੱਚ ਗਾਉਣ ਦਾ ਅਭਿਆਸ।

**੨.** ਸਿਲੇਬਸ ਵਿੱਚ ਮਿਥੇ ਗਏ ਰਾਗਾਂ ਦਾ ਤਿੰਨ ਤਾਲ ਤੇ ਆਧਾਰਿਤ ਸ਼ਬਦਾਂ ਦਾ ਗਿਆਨ।

**੩.** ਹਰ ਇੱਕ ਰਾਗ ਵਿੱਚ ਸਥਾਈ ਤੇ ਅੰਤਰੇ ਨੂੰ ਦੁੱਗਨ ਵਿੱਚ ਗਾਇਣ ਕਰਨ ਦਾ ਅਭਿਆਸ।

**੪.** ਹਰ ਇੱਕ ਸਥਾਈ ਤੇ ਅੰਤਰੇ ਵਿੱਚ ਦੋ–ਦੋ ਅਲਾਪ ਤੇ ਦੋ–ਦੋ ਤਾਨਾਂ ਦਾ ਪ੍ਰਯੋਗ ਕਰਨ ਦਾ ਅਭਿਆਸ।

**੫.** ਤੀਨ ਤਾਲ, ਦਾਦਰਾ, ਕਹਿਰਵਾ ਤਾਲਾਂ ਨੂੰ ਦੁੱਗਨ ਹੱਥ ਤੇ ਤਾਲੀ ਦੇ ਕੇ ਕਰਨ ਦਾ ਅਭਿਆਸ।

**੬.** ਆਸਾ, ਬਿਲਾਵਲ, ਭੈਰਉ, ਕਲਿਆਣ ਆਦਿ ਦੇ ਦੋ–ਦੋ ਹੋਰ ਸ਼ਬਦ ਕੰਠ ਕਰਨ ਦਾ ਅਭਿਆਸ।

## ੨. **ਗੁਰਮਤਿ ਸੰਗੀਤ ਪ੍ਰਵੇਸ਼ਕਾ ਪੂਰਨ**

**(ਥਿਊਰੀ)**

੧. ਹੇਠ ਲਿਖੇ ਸੰਗੀਤਕ ਸ਼ਬਦਾਂ ਦਾ ਪਰੀਚੈ –
ਜਾਤੀ, ਵਾਦੀ, ਸੰਵਾਦੀ, ਸਮਾਂ, ਮੁੱਖ ਅੰਗ, ਪਕੜ, ਅਲੰਕਾਰ, ਵਰਜਿਤ ਸਵੱਰ, ਰਾਗ ਅਲਾਪ।

੨. ਸਿਲੇਬਸ ਵਿੱਚ ਨਿਰਧਾਰਿਤ ਕੀਤੇ ਰਾਗ – ਗਉੜੀ, ਗੌਂਡ, ਕੇਦਾਰਾ, ਸਾਰੰਗ, ਪ੍ਰਭਾਤੀ, ਗਉੜੀ ਗੁਆਰੇਰੀ, ਨਟ, ਮਾਲਕੌਂਸ, ਕਾਫੀ ਦਾ ਵਿਵਰਨ ਸਪਸ਼ਟ ਕਰਨਾ।

੩. ਤਿੰਨ ਤਾਲ ਰੂਪਕ, ਦਾਦਰਾ, ਕਹਿਰਵਾ, ਝਪਤਾਲ, ਏਕਤਾਲ ਆਦਿ ਤਾਲਾਂ ਨੂੰ ਏਕਗੁਣ ਤੇ ਦੁਗੁਨ ਵਿੱਚ ਲਿਖਣ ਅਭਿਆਸ।

੪. ਭਾਤਖੰਡੇ ਸਵੱਰ ਲਿਪੀ ਦਾ ਗਿਆਨ।

੫. ਢੋਲਕੀ ਅਤੇ ਢੱਡ ਆਦਿ ਸਾਜਾਂ ਬਾਰੇ ਜਾਣਕਾਰੀ।

੬. ਭਾਈ ਬਾਬਕ ਅਤੇ ਮਹੰਤ ਗੱਜਾ ਸਿੰਘ ਜੀ ਦੀਆਂ ਜੀਵਨੀਆਂ।

੭. ਢਾਡੀ ਪਰੰਪਰਾ ਦਾ ਆਰੰਭ, ਗੁਰੂ ਨਾਨਕ ਢਾਡੀ ਦੇ ਰੂਪ ਵਿੱਚ, ਸੰਤ ਸਿਪਾਹੀ ਤੇ ਸੰਗੀਤਕਾਰ ਗੁਰੂ ਗੋਬਿੰਦ ਸਿੰਘ ਜੀ।

**ਪ੍ਰਯੋਗੀ (ਪ੍ਰੈਕਟੀਕਲ) :**

**ਨੋਟ : ਗੁਰਮਤਿ ਸੰਗੀਤ ਪ੍ਰਵੇਸ਼ਕਾ ਭਾਗ ਪਹਿਲਾ ਦੇ ਸਾਰੇ ਰਾਗਾਂ ਦੀਆਂ ਬੰਦਿਸ਼ਾਂ ਦਾ ਗਾਇਣ ਕਰਨ ਦਾ ਅਭਿਆਸ।**

੧. ਸਿਲੇਬਸ ਵਿੱਚ ਮਿਥੇ ਗਏ ਰਾਗਾਂ ਵਿੱਚ ਨਿਰਧਾਰਿਤ ਸ਼ਬਦਾਂ ਨੂੰ ਆਲਾਪ ਤੇ ਤਾਨਾਂ ਸਮੇਤ ਗਾਇਣ ਕਰਨ ਦਾ ਅਭਿਆਸ।

੨. ਨਿਰਧਾਰਿਤ ਕੀਤੇ ਰਾਗਾਂ ਵਿੱਚੋਂ ਕਿਸੇ ਦੋ ਰਾਗਾਂ ਨੂੰ ਇੱਕ ਤਾਲ ਤੇ ਝਪਤਾਲ ਵਿੱਚ ਗਾਇਣ ਕਰਨ ਦਾ ਅਭਿਆਸ।

੩. ਸਿੱਖੇ ਹੋਏ ਰਾਗਾਂ ਨੂੰ ਸੁਣ ਕੇ ਪਹਿਚਾਨਣ ਦਾ ਅਭਿਆਸ।

੪. ਬੰਦਿਸ਼ ਸ਼ੁਰੂ ਕਰਨ ਤੋਂ ਪਹਿਲਾਂ ਸੰਖੇਪ ਸਵੱਰ ਵਿਸਥਾਰ ਕਰਨ ਦੀ ਸਮਰੱਥਾ।

੫. ਬੰਦਿਸ਼ਾਂ ਵਿੱਚ ਸਥਾਈ ਤੇ ਅੰਤਰੇ ਨੂੰ ਅਲਾਪਾਂ, ਸਰਗਮਾਂ. ਤਾਨਾਂ ਤੇ ਆਕਾਰ ਤਾਨਾਂ ਨਾਲ ਗਾਇਣ ਕਰਨ ਦੀ ਸਮਰੱਥਾ।

੬. ਪਾਠਕ੍ਰਮ ਦੀਆਂ ਤਾਲਾਂ ਨੂੰ ਹੱਥ ਤੇ ਤਾਲੀ ਦੇ ਕੇ ਲੈਅਕਾਰੀ ਵਿੱਚ ਕਰਨ ਦਾ ਅਭਿਆਸ।

੭. ਜਨਮ ਸੰਸਕਾਰ ਤੇ ਮਰਨ ਸੰਸਕਾਰ ਦੇ ਸਮੇਂ ਢੁਕਵੇਂ ਸ਼ਬਦ ਗਾਇਣ ਕਰਨ ਦੀ ਸਮਰੱਥਾ।

੮. ਸਿਲੇਬਸ ਦੇ ਨਿਰਧਾਰਿਤ ਰਾਗਾਂ ਦੇ ਦੋ-ਦੋ ਹੋਰ ਸ਼ਬਦ ਕੰਠ ਕਰਨ ਦਾ ਅਭਿਆਸ।

## ੩. **ਗੁਰਮਤਿ ਸੰਗੀਤ ਮਧਿਅਮਾ**

**(ਥਿਊਰੀ)**

੧. ਹੇਠ ਲਿਖੀਆਂ ਪ੍ਰੀਭਾਸ਼ਾਵਾਂ ਦਾ ਗਿਆਨ–
ਥਾਟ, ਨਾਦ, ਸ਼ਰੁਤੀ, ਅਨੁਵਾਦੀ, ਵਿਵਾਦੀ, ਤਾਲ, ਖਾਲੀ, ਲੈਯ (ਵਿਲੰਬਤਾ, ਮੱਧ ਤੇ ਦਰੁਤ,) ਆਵਰਤਨ, ਮੰਗਲਾਚਰਨ।

੨. ਸਿਲੇਬਸ ਵਿੱਚ ਆਏ ਨਿਰਧਾਰਿਤ ਰਾਗ– ਬਿਹਾਗੜਾ, ਤਿਲੰਗ, ਗੂਜਰੀ, ਟੋਡੀ, ਰਾਮਕਲੀ, ਮਲਾਰ, ਗਉੜੀ ਬੈਰਾਗਣਿ, ਗਉੜੀ ਦੀਪਕੀ, ਦੇਵਗੰਧਾਰੀ, ਆਸਾਵਰੀ, ਕਲਿਆਣ-ਭੁਪਾਲੀ, ਜੌਨਪੁਰੀ, ਗੁਣਕਲੀ, ਭੀਮ ਪਲਾਸੀ, ਖਮਾਜ ਦਾ ਸੰਪੂਰਨ ਵਿਵਰਣ।

੩. ਸਿਤਾਰ ਤੇ ਮਰਦੰਗ ਸਾਜਾਂ ਦੀ ਜਾਣਕਾਰੀ।

੪. ਬਾਬਾ ਸ਼ਾਮ ਸਿੰਘ ਤੇ ਭਾਈ ਮਨਸ਼ਾ ਸਿੰਘ ਜੀ ਦੀਆਂ ਜੀਵਨੀਆਂ।

੫. ਗੁਰੂ ਘਰ ਦੇ ਪਰੰਪਰਾਵਾਦੀ ਕੀਰਤਨ ਤੇ ਆਧੁਨਿਕ ਕੀਰਤਨ ਦਾ ਤੁਲਨਾਤਮਿਕ ਅਧਿਐਨ।

੬. ਗੁਰਮਤਿ ਸੰਗੀਤ – ਸਿਧਾਂਤ ਤੇ ਸਰੂਪ।

**ਪ੍ਰਯੋਗੀ ( ਪ੍ਰੈਕਟੀਕਲ ) :-**

੧. ਸਿਲੇਬਸ ਵਿੱਚ ਮਿੱਥੇ ਗਏ ਰਾਗਾਂ ਵਿੱਚ ਨਿਰਧਾਰਿਤ ਸ਼ਬਦਾਂ ਨੂੰ ਆਲਾਪ ਤੇ ਤਾਨਾਂ ਸਮੇਤ ਤਿੰਨ ਤਾਲ ਵਿੱਚ ਗਾਇਣ ਕਰਨ ਦਾ ਅਭਿਆਸ।

੨. ਨਿਰਧਾਰਿਤ ਕੀਤੇ ਰਾਗਾਂ ਵਿੱਚੋਂ ਕਿਸੇ ਚਾਰ ਨੂੰ ਤਿੰਨ ਤਾਲ ਤੋਂ ਬਿਨਾਂ ਹੋਰ ਤਾਲਾਂ ਵਿੱਚ ਵੀ ਗਾਇਣ ਕਰਨ ਦਾ ਅਭਿਆਸ।

੩. ਸਿੱਖੇ ਹੋਏ ਰਾਗਾਂ ਨੂੰ ਸੁਣ ਕੇ ਪਹਿਚਾਨਣ ਦਾ ਅਭਿਆਸ।

੪. ਨਿਰਧਾਰਿਤ ਰਾਗਾਂ ਵਿੱਚ ਕਿਸੇ ਦੋ ਰਾਗਾਂ ਦਾ ਏਕ ਤਾਲ ਵਿਲੰਬਤ ਲੈਯ ਵਿੱਚ ਮੰਗਲਾਚਰਨ ਕਰਨ ਦਾ ਅਭਿਆਸ।

੫. ਦੀਪਚੰਦੀ ਤੇ ਚਾਰਤਾਲ ਨੂੰ ਹੱਥ ਤੇ ਤਾਲੀ ਦੇ ਕੇ, ਦੁਗੁਨ ਤੇ ਤਿਗੁਨ ਰਾਹੀਂ ਲੈਯਕਾਰੀ ਕਰਨ ਦਾ ਅਭਿਆਸ।

੬. ਰੂਪਕ ਤਾਲ ਵਿੱਚ ਸਲੋਕ 'ਪਵਣੁ ਗੁਰੂ ਪਾਣੀ ਪਿਤਾ' ਪੜ੍ਹਨ ਦਾ ਅਭਿਆਸ।

੭. ਲਾਵਾਂ ਤੇ ਆਰਤੀ ਨੂੰ ਪੁਰਾਤਨ ਧੁਨਾਂ ਤੇ ਗਾਇਣ ਕਰਨ ਦਾ ਅਭਿਆਸ।

## ੪. **ਗੁਰਮਤਿ ਸੰਗੀਤ ਮਧਿਅਮਾ ਪੂਰਨ**

### (ਥੀਊਰੀ)

੧. ਹੇਠ ਲਿਖੀਆਂ ਪ੍ਰੀਭਾਸ਼ਾਵਾਂ ਦਾ ਗਿਆਨ–
ਸ਼ਬਦ, ਅੰਕ, ਰਹਾਉ, ਮਹਲਾ, ਸਥਾਈ, ਅੰਤਰਾ, ਸੰਚਾਰ ਅਭੋਗ, ਪੜਤਾਲ, ਚਉਕੀ ਵਾਰ, ਛਕਾ।

੨. ਸਿਲੇਬਸ ਵਿੱਚ ਨਿਰਧਾਰਿਤ ਕੀਤੇ ਰਾਗ – ਕਾਨੜਾ, ਧਨਾਸਰੀ, ਮਾਝ, ਮਾਰੂ, ਸੂਹੀ, ਦੇਵਗੰਧਾਰੀ, ਗਉੜੀ ਚੇਤੀ, ਗਉੜੀ ਪੂਰਬੀ, ਤਿਲੰਗ ਕਾਫੀ, ਬਿਲਾਵਲ ਗੋਂਡ, ਬਿਲਾਵਲ ਮੰਗਲ, ਆਸਾ ਕਾਫੀ, ਸੂਹੀ ਕਾਫੀ, ਸ਼ੰਕਰਾ, ਛਾਇਆਨਟ, ਮਾਰਵਾ, ਲਲਿਤ ਦਾ ਵਿਵਰਨ ਸਪਸ਼ਟ ਕਰਨਾ।

੩. ਤੀਬਰਾ, ਤਲਵਾੜਾ ਤੇ ਪਉੜੀ ਤਾਲ ਦਾ ਗਿਆਨ।

੪. ਰਬਾਬ ਤੇ ਸਾਰੰਗੀ ਸਾਜਾਂ ਦੀ ਜਾਣਕਾਰੀ।

੫. ਭਾਈ ਹੀਰਾ ਸਿੰਘ ਤੇ ਭਾਈ ਸਮੁੰਦ ਸਿੰਘ ਜੀ ਦੀਆਂ ਜੀਵਨੀਆਂ।

੬. ਗੁਰਮਤਿ ਸੰਗੀਤ ਦੀ ਚਉਕੀ ਪਰੰਪਰਾ।

੭. ਪੜਤਾਲ ਗਾਇਨ ਸ਼ੈਲੀ।

### ਪ੍ਰਯੋਗੀ (ਪ੍ਰੈਕਟੀਕਲ) :–

੧. ਸਿਲੇਬਸ ਵਿੱਚ ਮਿੱਥੇ ਗਏ ਰਾਗਾਂ ਨੂੰ ਆਲਾਪ ਤੇ ਤਾਨਾਂ ਸਮੇਤ ਗਾਇਣ ਕਰਨ ਦਾ ਅਭਿਆਸ।

੨. ਨਿਰਧਾਰਿਤ ਕੀਤੇ ਰਾਗਾਂ ਵਿੱਚ ਕਿਸੇ ਚਾਰ ਰਾਗਾਂ ਨੂੰ ਤਿੰਨ ਤਾਲ ਤੋਂ ਬਿਨਾਂ ਦੂਜੀਆਂ ਤਾਲਾਂ ਵਿੱਚ ਗਾਇਣ ਕਰਨ ਦਾ ਅਭਿਆਸ।

੩. ਸ਼ੁੱਧ ਰਾਗਾਂ ਤੋਂ ਬਿਨਾਂ ਗਉੜੀ ਦੇ ਪ੍ਰਕਾਰ ਤੇ ਮਿਸ਼ਰਤ ਰਾਗਾਂ ਦੇ ਸਵੱਰ – ਸਵਰੂਪਾਂ ਦਾ ਗਿਆਨ।

੪. ਨਿਰਧਾਰਿਤ ਰਾਗਾਂ ਵਿੱਚੋਂ ਕਿਸੇ ਚਾਰ ਰਾਗਾਂ ਦਾ ਏਕ ਤਾਲ ਵਿਲੰਬਤ ਲੈਯ ਵਿੱਚ ਮੰਗਲਾਚਰਨ ਕਰਨ ਦਾ ਅਭਿਆਸ।

੫. ਤੀਬਰਾ, ਤਲਵਾੜਾ ਤੇ ਪਉੜੀ ਤਾਲਾਂ ਨੂੰ ਲੈਯਕਾਰੀ ਵਿੱਚ ਦਰਸਾਉਣ ਦਾ ਅਭਿਆਸ।

੬. ਆਸਾ ਦੀ ਵਾਰ ਦੇ ਅੱਠ ਛਕਿਆਂ ਨੂੰ ਆਸਾ ਰਾਗ ਵਿੱਚ ਛੰਦ, ਸਲੋਕ ਤੇ ਪਉੜੀ ਆਦਿਕ ਵਿੱਚ ਲਾਉਣ ਦੀ ਸਮਰੱਥਾ।ਪਉੜੀ ਪੁਰਾਤਨ ਢੰਗ ਰਾਹੀਂ (ਗੇ,ਤਿਟ,ਧਾ) ਤਾਲ ਲਗਾ ਕੇ ਮੁਕਾਅ ਕਰਨ ਦਾ ਅਭਿਆਸ।

੭. ਸਿਲੇਬਸ ਦੇ ਕਿਸੇ ਦੋ ਰਾਗਾਂ ਦੇ ਸ਼ਬਦਾਂ ਨੂੰ ਪੜਤਾਲ ਗਾਇਕੀ ਰਾਹੀਂ ਪ੍ਰਗਟਾਉਣ ਦਾ ਅਭਿਆਸ।

੮. ਰਾਗਾਂ ਨੂੰ ਤਾਨਪੁਰੇ ਰਾਹੀਂ ਗਾਇਣ ਕਰਨ ਦਾ ਅਭਿਆਸ।

## ੫. **ਗੁਰਮਤਿ ਸੰਗੀਤ ਸਵੱਰ-ਸਮੁੰਦ**

### (ਥੀਊਰੀ)

੧. ਹੇਠ ਲਿਖੀਆਂ ਪ੍ਰੀਭਾਸ਼ਾਵਾਂ ਦਾ ਗਿਆਨ –
ਪਦ, ਦੁਪਦੇ, ਤਿਪਦੇ, ਚਉਪਦੇ, ਘਰ, ਗ੍ਰਹਿ, ਅੰਸ, ਨਿਆਸ, ਵਕਰ-ਸਵੱਰ, ਪਉੜੀ, ਪਖਾਵਜ।

੨. ਸਿਲੇਬਸ ਦੇ ਨਿਰਧਾਰਿਤ ਰਾਗ – ਜੈਤਸਰੀ, ਬੈਰਾੜੀ, ਬਸੰਤ, ਤੁਖਾਰੀ, ਜੈਜਾਵੰਤੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਪੂਰਬੀ ਦੀਪਕੀ, ਆਸਾਵਰੀ ਸੁਧੰਗ, ਵਡਹੰਸ ਦੱਖਣੀ, ਸੂਹੀ ਲਲਿਤ, ਬਿਲਾਵਲ ਦੱਖਣੀ, ਮਾਰੂ ਕਾਫੀ, ਅੜਾਨਾ, ਕਲਿਆਣ, ਪੁਰੀਆ, ਧਨਾਸਰੀ, ਹਮੀਰ, ਰਾਗੇਸ਼ਵਰੀ ਦਾ ਵਿਵਰਣ ਸਪਸ਼ਟ

੩. ਇਸ ਪਾਠਕ੍ਰਮ ਵਿੱਚ ਆੜਾਂ ਚੁਤਾਲਾ, ਧਮਾਰ ਤੇ ਪਉੜੀ ਤਾਲਾਂ ਦਾ ਗਿਆਨ।

੪. ਤਾਨਪੁਰਾ ਤੇ ਦਿਲਰੁਬਾ ਦੀ ਸੰਪੂਰਨ ਜਾਣਕਾਰੀ।

੫. ਪੰਡਿਤ ਨਥੂ ਰਾਮ ਜੀ, ਭਾਈ ਸੁਰਜਨ ਸਿੰਘ ਤੇ ਭਾਈ ਸੰਤਾ ਸਿੰਘ ਦੀਆਂ ਜੀਵਨੀਆਂ ਤੇ ਪੂਰਨ ਝਾਤ।

੬. ਗੁਰੂ ਘਰ ਵਿੱਚ ਆਏ ਸੰਬੋਧਨੀ ਸਿਰਲੇਖ 'ਘਰੁ' ਦੀ ਵਿਆਖਿਆ, ਗੁਰੂ ਘਰ ਦੀਆਂ ਚਉਕੀਆਂ ਬਾਰੇ ਵਿਸਥਾਰਿਤ ਜਾਣਕਾਰੀ।

੭. ਆਦਿ ਗ੍ਰੰਥ ਦਾ ਸੰਗੀਤਕ ਪ੍ਰੀਚੈ।

### ਪ੍ਰਯੋਗੀ (ਪ੍ਰੈਕਟੀਕਲ) :–

੧. ਸਿਲੇਬਸ ਵਿੱਚ ਮਿੱਥੇ ਗਏ ਰਾਗਾਂ ਨੂੰ ਆਲਾਪ ਤੇ ਤਾਨਾਂ ਸਮੇਤ ਗਾਇਣ ਕਰਨ ਦਾ ਅਭਿਆਸ।

੨. ਤਿੰਨ ਤਾਲ ਤੋਂ ਬਿਨਾਂ ਪੰਜ ਰਾਗਾਂ ਨੂੰ ਅੱਡ-ਅੱਡ ਤਾਲਾਂ ਵਿੱਚ ਗਾਇਣ ਕਰਨ ਦੀ ਸਮਰੱਥਾ।

੩. ਸਿਲੇਬਸ ਵਿੱਚ ਆਏ ਕਿਸੇ ਪੰਜ ਰਾਗਾਂ ਨੂੰ ਵਿਲੰਬਤ ਲੈਯ ਵਿੱਚ ਮੰਗਲਾਚਰਨ ਗਾਇਣ ਕਰਨ ਦੀ ਸਮਰੱਥਾ।

੪. ਹਰਿਮੰਦਰ ਸਾਹਿਬ ਦੀ ਪਰੰਪਰਾ ਅਨੁਸਾਰ ਆਸਾ ਰਾਗ ਦੀ ਚਉਕੀ, ਬਿਲਾਵਲ ਦੀ ਚਉਕੀ, ਕਲਿਆਣ ਦੀ ਚਉਕੀ ਗਾਇਣ ਕਰਨਾ

੫. ਸਿਲੇਬਸ ਦੇ ਕਿਸੇ ਤਿੰਨ ਰਾਗਾਂ ਦੇ ਸ਼ਬਦਾਂ ਨੂੰ ਪੜਤਾਲ ਗਾਇਕੀ ਰਾਹੀਂ ਪ੍ਰਗਟਾਉਣ ਦਾ ਅਭਿਆਸ।

੬. ਤਬਲੇ ਤੇ ਠੇਕਾ ਲਾਉਣ ਦਾ ਅਭਿਆਸ।

੭. ਤਾਨਪੁਰਾ ਸੁਰ ਕਰਨ ਦਾ ਅਭਿਆਸ।

## ੬. ਗੁਰਮਤਿ ਸੰਗੀਤ ਸਵੱਰ-ਸਮੁੰਦ ਪੂਰਨ

### (ਥੀਊਰੀ)

੧. ਹੇਠ ਲਿਖੀਆਂ ਪ੍ਰੀਭਾਸ਼ਾਵਾਂ ਦਾ ਗਿਆਨ – ਧਰੁਪਦ, ਧੁਮਾਰ, ਗਮਕ, ਅਲਾਪ, ਤਾਨ, ਮੀਂਡ, ਆਸ਼ਰੀਯ ਰਾਗ, ਜਾਨਯ ਰਾਗ, ਜਨਕ, ਥਾਟ, ਸਪਰਸ਼, ਲਗੀ, ਮੁਕਾਅ।
੨. ਸਿਲੇਬਸ ਦੇ ਲਈ ਨਿਰਧਾਰਿਤ ਰਾਗ – ਸ੍ਰੀ ਰਾਗ, ਵਡਹੰਸ, ਸੋਰਠਿ, ਨਟ-ਨਾਰਾਇਣ, ਮਾਲੀ ਗਉੜਾ, ਬਿਹਾਗ ਹਿੰਡੋਲ, ਨਾਇਕੀ ਕਾਨੜਾ, ਸ਼ੁੱਧ ਕਲਿਆਣ, ਬਾਗੇਸ਼ਵਰੀ, ਗਉੜੀ ਮਾਲਾ, ਗਉੜੀ ਸੋਰਠਿ, ਗਉੜੀ ਦੱਖਣੀ, ਪ੍ਰਭਾਤੀ ਦੱਖਣੀ, ਰਾਮਕਲੀ ਦੱਖਣੀ, ਮਾਰੂ ਦੱਖਣੀ, ਬਸੰਤ ਹਿੰਡੋਲ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ ਦਾ ਵਿਵਰਨ ਸਪਸ਼ਟ ਕਰਨਾ।
੩. ਇਸ ਪਾਠਕ੍ਰਮ ਵਿੱਚ ਫਿਰੋਦਸਤ, ਪੰਚਮ ਸਵਾਰੀ, ਪੰਜਾਬੀ ਠੇਕਾ ਨੌਂ ਮਾਤਰਾ ਤੇ ਗਿਆਰਾਂ ਮਾਤਰਾ ਦੇ ਠੇਕੇ ਦਾ ਅਭਿਆਸ।
੪. ਗੁਰੂ ਘਰ ਦੇ ਸਾਜ ਸਿਰੰਦਾ ਤੇ ਤਾਊਸ ਦੀ ਜਾਣਕਾਰੀ।
੫. ਭਾਈ ਅੱਬਦੁੱਲਾ, ਨੱਥੂ ਮੱਲ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਭਾਈ ਬਲਬੀਰ ਸਿੰਘ, ਪ੍ਰੋ: ਤਾਰਾ ਸਿੰਘ, ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਧਰਮ ਸਿੰਘ ਜਖਮੀ ਦੀਆਂ ਜੀਵਨੀਆਂ ਬਾਰੇ ਜਾਣਕਾਰੀ।
੬. ਗੁਰਮਤਿ ਸੰਗੀਤ ਦੇ ਘਰਾਣੇ।
੭. ਗੁਰਮਤਿ ਸੰਗੀਤ ਦਾ ਆਰੰਭ ਤੇ ਵਿਕਾਸ।
੮. ਸਾਹਿੱਤਕ ਕਾਵਿਰੂਪਾਂ ਦੀਆਂ ਕੀਰਤਨ ਸ਼ੈਲੀਆਂ।

### ਪ੍ਰਯੋਗੀ (ਪ੍ਰੈਕਟੀਕਲ) :-

੧. ਸਿਲੇਬਸ ਵਿੱਚ ਮਿਥੇ ਗਏ ਰਾਗਾਂ ਨੂੰ ਆਲਾਪ ਤੇ ਤਾਨਾਂ ਸਮੇਤ ਗਾਇਣ ਕਰਨ ਦਾ ਅਭਿਆਸ।
੨. ਤਿੰਨ ਤਾਲ ਤੋਂ ਬਿਨਾਂ ਦਸ ਰਾਗਾਂ ਨੂੰ ਪੜਤਾਲ ਗਾਇਕੀ ਵਿੱਚ ਗਾਇਣ ਕਰਨ ਦੀ ਸਮਰੱਥਾ। ਸਿਲੇਬਸ ਵਿੱਚ ਆਏ ਕਿਸੇ ਪੰਜ ਰਾਗਾਂ ਦਾ ਵਿਲੰਬਤ ਲੈਯ ਵਿੱਚ ਮੰਗਲਾਚਰਨ ਕਰਨ ਦੀ ਸਮਰੱਥਾ।
੩. ਹਰਿਮੰਦਰ ਸਾਹਿਬ ਦੀ ਪਰੰਪਰਾ ਅਨੁਸਾਰ ਸੋ-ਦਰੁ ਦੀ ਚਉਕੀ, ਰਾਮਕਲੀ ਦੀ ਵਾਰ, ਮਾਝ ਦੀ ਵਾਰ, ਬਸੰਤ ਦੀ ਵਾਰ, ਗਾਇਣ ਕਰਨ ਦੀ ਸਮਰੱਥਾ।
੪. ਗੁਰੂ ਗ੍ਰੰਥ ਸਾਹਿਬ ਵਿੱਚ ਆਈਆਂ ਗਾਇਣ ਸ਼ੈਲੀਆਂ (ਘੋੜੀਆਂ, ਅਲਾਹਣੀਆਂ) ਗਾਇਣ ਕਰਨ ਦੀ ਸਮਰੱਥਾ।
੫. ਸੰਪੂਰਨ ਆਸਾ ਦੀ ਵਾਰ ਲਗਾਉਣ ਦੀ ਸਮਰੱਥਾ।
੬. ਸ਼ਬਦ ਗਾਉਣ ਸਮੇਂ ਢੁਕਵੇਂ ਪ੍ਰਮਾਣ ਲਗਾਉਣ ਦੀ ਸਮਰੱਥਾ ਦਾ ਅਭਿਆਸ।
੭. ਸੂਹੀ ਰਾਗ ਵਿੱਚ ਆਨੰਦ ਕਾਰਜ ਨਿਭਾਉਣ ਦੀ ਸਮਰੱਥਾ।
੮. ਅੱਡ-ਅੱਡ ਰਾਗਾਂ ਦੇ ਸੌ ਸ਼ਬਦ ਜਬਾਨੀ ਯਾਦ ਕਰਨ ਦੀ ਸਮਰੱਥਾ।

**ਵਿਦਵਾਨਾਂ ਪਾਸੋਂ ਸਿਲੇਬਸ ਸਬੰਧੀ ਸੁਝਾਵਾਂ ਦਾ ਸਵਾਗਤ ਹੈ। – ਪ੍ਰੋ.ਪਰਮਜੀਤ ਕੌਰ**

# ਸਵੱਰ ਸਮੁੰਦ ਕੀਰਤਨ ਅਕੈਡਮੀ

(ਪ੍ਰਬੰਧ ਅਧੀਨ - ਸੁਕ੍ਰਿਤ ਟਰੱਸਟ)

ਦਾਖਾ ਕਾਲਜ ਰੋਡ, ਮੁੱਲਾਂਪੁਰ, ਲੁਧਿਆਣਾ – 094171-16419

ਕ੍ਰਮ ਨੰ. ______

ਮਿਤੀ. ______

## ਦਾਖਲਾ ਫਾਰਮ

੧. ਨਾਮ ______

੨. ਸਪੁੱਤਰ/ਸਪੁੱਤਰੀ/ਸੁਪਤਨੀ ______

੩. ਘਰ ਦਾ ਪਤਾ ______

______

______ ਫੋਨ (ਕੋਡ ਸਮੇਤ) ______

੪. ਮੋਬਾਇਲ ______

੫. ਕਿੱਤਾ ______

੬. ਵਿੱਦਿਅਕ ਯੋਗਤਾ ______ ਉਮਰ ______

੭. ਸਕੂਲ (ਨਾਮ ਤੇ ਪਤਾ) ______

______

______ ਫੋਨ (ਕੋਡ ਸਮੇਤ) ______

੮. ਆਪ ਜੀ ਕੀਰਤਨ ਕਿਉਂ ਸਿੱਖਣਾ ਚਾਹੁੰਦੇ ਹੋ ? ______

______

੯. ਨਿਮਨਲਿਖਤ ਕਿਸ ਕੋਰਸ ਵਿੱਚ ਦਾਖਲਾ ਲੈਣਾ ਚਾਹੁੰਦੇ ਹੋ?

੧. ਗੁਰਮਤਿ ਸੰਗੀਤ ਪ੍ਰਵੇਸ਼ਕਾ ( )
੨. ਗੁਰਮਤਿ ਸੰਗੀਤ ਪ੍ਰਵੇਸ਼ਕਾ ਪੂਰਨ ( )
੩. ਗੁਰਮਤਿ ਸੰਗੀਤ ਮਧਿਆਮਾ ( )
੪. ਗੁਰਮਤਿ ਸੰਗੀਤ ਮਧਿਆਮਾ ਪੂਰਨ ( )
੫. ਗੁਰਮਤਿ ਸੰਗੀਤ ਸਵੱਰ ਸਮੁੰਦ ( )
੬. ਗੁਰਮਤਿ ਸੰਗੀਤ ਸਵੱਰ ਸਮੁੰਦ ਪੂਰਨ ( )

ਪਰਤੋ ਜੀ

**੧੦. ਪਿਛਲੀਆਂ ਪ੍ਰੀਖਿਆਵਾਂ ਦਾ ਵੇਰਵਾ :-**

| ਕ੍ਰਮ | ਕੋਰਸ ਦਾ ਨਾਮ | ਸਾਲ | ਰੋਲ ਨੰ. | ਪ੍ਰਾਪਤ ਅੰਕ/ਗ੍ਰੇਡ | ਸੈਂਟਰ ( ਨਾਮ ਤੇ ਪਤਾ ) |
|---|---|---|---|---|---|
| | | | | | |

ਮੈਂ____________ ਸਪੁੱਤਰ/ਸਪੁੱਤਰੀ/ਸੁਪਤਨੀ _______________ਬਿਆਨ ਕਰਦਾਂ/ਕਰਦੀ ਹਾਂ, ਕਿ ਉਪਰ ਦਿੱਤੀ ਜਾਣਕਾਰੀ ਬਿਲਕੁਲ ਠੀਕ ਹੈ, ਮੈਂ **ਸਵੱਰ ਸਮੁੰਦ ਕੀਰਤਨ ਅਕੈਡਮੀ** ਦੇ ਮਹੀਨੇਵਾਰ ਸਮਾਗਮ ਵਿੱਚ ਵੀ ਜਰੂਰ ਹਾਜ਼ਰ ਹੋਇਆ ਕਰਾਂਗਾ/ਕਰਾਂਗੀ। ਮੈਂ ਕਲਾਸ ਲਗਾਉਂਦੇ ਸਮੇਂ ਨਿਯਮਾਂ ਦਾ ਖਿਆਲ ਰੱਖਾਂਗਾ/ਰੱਖਾਂਗੀ।

ਸਿਖਿਆਰਥੀ ਦੇ ਹਸਤਾਖਰ

**੧੧. ਵਿਸ਼ੇਸ਼ ਗੱਲਾਂ :-**

੧. ਹਰੇਕ ਕੋਰਸ ਦੇ ਵੱਖਰੇ ਪ੍ਰਮਾਣ-ਪੱਤਰ ਦਿੱਤੇ ਜਾਣਗੇ।(ਪ੍ਰਾਰੰਭਿਕਾ, ਮਧਿਅਮਾ ਤੇ ਸੰਪੂਰਣਤਾ)
੨. ਕੋਰਸ ਦੀਆਂ ਸਹਾਇਕ ਪੁਸਤਕਾਂ ਤੇ ਸ੍ਰੋਤ ਪੁਸਤਕਾਂ ਵੀ ਉਪਲੱਬਧ ਕਰਵਾਈਆਂ ਜਾਣਗੀਆਂ।
੩. ਪੁਰਾਤਨ ਰਾਗੀ ਸਿੰਘਾਂ ਦੀਆਂ ਅਵਾਜ਼ਾਂ ਵਿੱਚ ਪੁਰਾਤਨ ਕੀਰਤਨ ਸ਼ੈਲੀ ਦੀ ਦੁਰਲੱਭ ਰਿਕਾਰਡਿੰਗ ਵੀ ਉਪਲੱਬਧ ਕਰਵਾਈ ਜਾਏਗੀ।
੪. ਦੁਰਲੱਭ ਪੁਸਤਕਾਂ ਤੇ ਦੁਰਲੱਭ ਰਿਕਾਰਡਿੰਗ ਦੀਆਂ ਕੈਸਟਾਂ ਤੇ ਸੀ-ਡੀਜ਼ ਦੀ ਕਾਪੀ ਕਰਵਾਉਣ ਦੀ ਸਹੂਲਤ ਵੀ ਹੋਵੇਗੀ।
੫. **ਅਕੈਡਮੀ ਖੁੱਲ੍ਹਣ ਦਾ ਸਮਾਂ** - ਗਰਮੀਆਂ ਸਵੇਰੇ ੧੧ ਤੋਂ ੧ ਵਜੇ | ਸਰਦੀਆਂ ਸਵੇਰੇ ੧੧ ਤੋਂ ੧ ਵਜੇ
ਸ਼ਾਮ ੫ ਤੋਂ ੭ ਵਜੇ | ਸ਼ਾਮ ੪ ਤੋਂ ੬ ਵਜੇ
ਕੇਵਲ - ਸੋਮਵਾਰ, ਬੁੱਧਵਾਰ ਤੇ ਸ਼ੁੱਕਰਵਾਰ (ਬਾਕੀ ਦਿਨ ਫੋਨ ਤੇ ਸੰਪਰਕ ਕਰਕੇ ਆਓ ਜੀ। - 094171-16419)

੬. **ਮੁਲਾਂਕਣ ਦੇ ਢੰਗ** (੫ ਨੁਕਾਤੀ ਗ੍ਰੇਡ) :-

| **ਅੰਕ** | **ਗ੍ਰੇਡ** |
|---|---|
| 80% ਤੋਂ ਉਪਰ | A+ |
| 70-79% | A |
| 60-69% | B+ |
| 50-59% | B |
| 50% ਤੋਂ ਹੇਠਾਂ | C |

## ਦਫਤਰੀ ਵਰਤੋਂ ਲਈ

**ਦਾਖਿਲ ਕੀਤਾ ਜਾਂਦਾ ਹੈ/-**

ਰੋਲ ਨੰ: ________ ਸਮਾਂ - ____________

ਦਾਖਲਾ ਫੀਸ ____________ ਮਿਤੀ ____________
ਮਾਸਿਕ ਫੀਸ____________ ਰਸੀਦ ਨੰ.____________

ਪ੍ਰਿੰਸੀਪਲ ਦੇ ਹਸਤਾਖਰ